# ਵਤਨੋਂ ਦੂਰ


ਸੰਪਾਦਕ:
ਸੁਰਿੰਦਰ ਧੰਜਲ



TELEPHONE: 874-5403
JUNE 1975 S.NO. 24
PRICE: 50 cents

LITERARY & CULTURAL
MONTHLY OF PANJABI


# THE WATNO DŪR


Post Box No. 1041
Coquitlam, B.C., Canada



T. RAJ KAPAHI C.L.U.
*Unit Supervisor*
Res.: 433-3441



RAVI MATHUR
Representative
Res.: 438-2307

# FINANCIAL PLANNING

Too many financial programs are like leaky faucets. But they waste dollars, instead of water. Maybe because somebody didn't plan the program carefully enough. Dollars should be forced to work hard.. May I review your Program? If it is adequate, you'll be happy to know. If not, perhaps I can help! Interested?

The Monarch Life
ASSURANCE COMPANY

1520 - 777 HORNBY STREET, VANCOUVER 1, B.C. BUS. 684-5322

# KHAN AGENCIES LTD.



**RIASAT ALI KHAN**



**SARAJ KHAN**

To serve your Autoplan needs, the license plates, decals and insurance for all types of cars and trucks

All other insurance services such as fire and theft, life, sickness and accident, business, mortgage and retirement savings plans are available at our this office:

## CHAMPLAIN MALL

3200—E. 54th Avenue, Vancouver, B.C.
Phone: 433-7211

•

687-7711 Pager No. 3543—24 Hour per day at both offices.

•

Khan Brothers can also make travel arrangements and help in visa, passport and other immigration matters.

**RES. PHONE: 327-7841**

# Hi, There!
# We Care For Repair


ਹਰ ਕਿਸਮ ਦੇ ਟੈਲੀਵੀਜ਼ਨ,
ਸਟੀਰੀਓ, ਟੇਪ ਰੀਕਾਰਡਰ, ਰੇਡੀਓ ਅਤੇ ਫ਼ੋਨੋਗਰਾਫ਼
ਦੀ ਤਸੱਲੀਬਖ਼ਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ:

## ਟਰਾਂਸ-ਕੈਨੇਡਾ ਟੀ.ਵੀ.
## TRANS-CANADA T.V.

14370—104 AVE., SURREY, B.C.

(guaranteed repair of color & B/W T.V.'s, stereos, Hi-Fi, Tape Recorders, Radios & Phonographs).

**PHONE: 588-7525 OR 588-2296**

OPENS 8 A.M. TO 10 P.M.

We install car-radios & tape deck.

# HIMALAYA RESTAURANT

LICENSED PREMISES

## 2313 Main Street, Vancouver, B.C.

## Phone: 876-2911

# ਹਿਮਾਲੀਆ ਰੈਸਟੋਰੈਂਟ

• ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ-ਮਿਲਦੀਆਂ ਹਨ •

• ਹਰ ਕਿਸਮ ਦੀ ਵਿਸਕੀ, ਵਾਈਨ ਅਤੇ ਬੀਅਰ ਵੀ ਮਿਲਦੀ ਹੈ •

• ਵਿਆਹ ਸ਼ਾਦੀਆਂ ਵਿੱਚ INDOOR ਤੇ OUTDOOR ORDERS ਤੇ ਵੱਡੇ ਪੈਮਾਨੇ ਤੇ ਮਠਿਆਈ ਦੀ ਤਿਆਰ ਕੀਤੀ ਜਾਂਦੀ ਹੈ •

# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



NEW STORE

9.00 A.M. TO 6.30 P.M.

## BHARTI ART JEWELLERS

*Specialist in East Indian Jewelry Craftware*

RASIK PAREKH
RES: **879-5610**
STORE **874-9448**

865 KINGSWAY NEAR FRASER
VANCOUVER B.C. CANADA
V5V 3C2

WE ALSO TAKE ORDERS FOR
MARRIAGE PARTY PHOTOS & GROUP PHOTOS

**BLOCK BB BROS.**

ਹਰ ਤਰ੍ਹਾਂ ਦੀ ਜਾਇਦਾਦ
ਖਰੀਦਣ ਜਾਂ ਵੇਚਣ ਲਈ
ਤੁਹਾਡੇ ਨਵੇਂ ਸਹਾਇਕ

## ਦਰਸ਼ਨ ਉੱਪਲ

(ਫੋਨ: 581-4601, 594-8758)



Darshan Uppal
Res.: 594-8758

**BLOCK BROS. REALTY LTD.**
A DIVISION OF BLOCK BROS. INDUSTRIES LTD.
9360 - 120 Street, Surrey, B.C.
581-4601

SECOND CLASS MAIL REGD. NO. 3233

FOUNDER:
TARA SIGH HAYER

ADVISOR:
AJMER SINGH RODEY

PUBLISHER:
CHARANJEET SIDHOO

EDITOR:
SURINDER DHANJAL

ASSTT. EDITOR:
BHUPINDER DHALIWAL

ADVERTISING EDITOR:
DALJIT TOOR

ART EDITOR:
NIRMAL DHALIWAL

CIRCULATION EDITOR:
KARAMJIT GHUMAN

SUBSCRIPTION:
ANNUAL: $5.00

HALF YEAR: $3.00

ONE COPY: 50 c

LITERARY & CULTURAL
MONTHLY OF PANJABI

# THE WATNO DŪR

Post Box No. 1041
Coquitlam, B.C., Canada

TELEPHONE: 874-5403

VOLUME III JUNE 1975

## ਇਸ ਅੰਕ ਵਿੱਚ

* ਕਵਿਤਾਵਾਂ *
ਪਾਬਲੋ ਨਰੂਦਾ, ਸੰਤ ਸੰਧੂ, ਅਜਮੇਰ ਸਿੰਘ ਰੋਡੇ, 'ਸੂਫ਼ੀ' ਅਮਰਜੀਤ 'ਬੱਸੀਆਂ,'
ਸੁਰਿੰਦਰ ਧੰਜਲ, ਜੀ. ਐੱਸ. ਗਿੱਲ, ਗਿ: ਕੇਸਰ ਸਿੰਘ, ਜਰਨੈਲ ਚੰਚੀ,
ਅਮਰੀਕ ਸਿੰਘ ਪਲਾਹੀ, ਦਰਸ਼ਨ ਗਿੱਲ

* ਕਹਾਣੀਆਂ *
ਗੁਰਦਿਆਲ ਸਿੰਘ, ਨਛੱਤਰ ਸਿੰਘ, ਕੰਵਲ ਵਿਦਰੋਹੀ

* ਸੰਜੀਵਨੀ ਬੂਟੀ *
ਗੁਰਨਾਮ ਸਿੰਘ ਤੀਰ

* ਪ੍ਰਿ-ਆਖ *
ਸ਼ੈਰੋ ਸਹਿਬਾਣੀ

* ਲੇਖ * ਪਿਆਰਾ ਸਿੰਘ ਦਾਤਾ, ਕ੍ਰਿਸ਼ਨ ਕੁਮਾਰ ਰੱਤੂ

# ਫਰਾਰ

## (XII)

ਪਾਬਲੋ ਨਰੂਦਾ
(1904-1973)

ਅਨੁਵਾਦਕ:
(ਅਮਰਜੀਤ ਚੰਦਨ)

ਹਰ ਕਿਸੇ ਨੂੰ, ਤੁਹਾਨੂੰ ਰਾਤ ਦੇ ਖ਼ਾਮੋਸ਼ ਮਨੁੱਖੋ
ਜਿਨ੍ਹਾਂ ਪਰਛਾਵਿਆਂ ਵਿਚ ਮੇਰਾ ਹੱਥ ਫੜਿਆ
ਤੁਹਾਨੂੰ ਅਮਰ ਚਾਨਣ ਦੀ ਰੌਸ਼ਨੀਓ
ਜ਼ਿੰਦਗੀ ਦੇ ਰਿਜ਼ਕ, ਮੇਰੇ ਗੁਪਤ ਭਰਾਵੋ
ਤੁਹਾਨੂੰ ਸਭਨਾਂ ਨੂੰ ਮੈਂ ਕਹਿੰਦਾ ਹਾਂ :
ਕੋਈ ਸ਼ੁਕਰਗੁਜ਼ਾਰੀ ਨਹੀਂ
ਤੁਹਾਡੀ ਪਵਿਤ੍ਰਤਾ ਦੇ ਪਿਆਲਿਆਂ ਨੂੰ ਕੋਈ ਚੀਜ਼ ਭਰ ਨਹੀਂ ਸਕਦੀ
ਤੁਹਾਡੀ ਖ਼ਾਮੋਸ਼ ਸ਼ਾਨ ਵਾਂਙ
ਕੋਈ ਅਜਿੱਤ ਬਹਾਰ ਦੇ ਪਰਚਮਾਂ ਉੱਤੇ ਸੂਰਜ ਨਹੀਂ ਹੋ ਸਕਦਾ
ਮੈਂ ਸਿਰਫ਼ ਇਹ ਯਕੀਨ ਕਰ ਸਕਨਾਂ
ਕਿ ਮੈਂ ਤੁਹਾਡੇ ਨਾਲ ਹਾਂ, ਬਿਲਕੁਲ ਤੁਹਾਡੇ ਵਰਗਾ
ਧਰਤੀ ਦਾ ਉਹੋ ਜ਼ੱਰਾ, ਆਟਾ ਅਤੇ ਗੀਤ
ਉਹ ਗੁੰਨ੍ਹਿਆ ਆਟਾ
ਜੋ ਇਹ ਜਾਣਦੈ ਕਿ ਉਹ ਕਿਥੋਂ ਆਇਐ ਅਤੇ ਉਹ ਕਿਹਦਾ ਏ।
ਮੈਂ ਕੋਈ ਦੂਰ ਦੀ ਘੰਟੀ ਨਹੀਂ ਹਾਂ
ਜਾਂ ਡੂੰਘਾ ਦੱਬਿਆ ਮਾਣਕ
ਕਿ ਤੁਸੀਂ ਮੈਨੂੰ ਜਾਣ ਨਾ ਸਕੋ।
ਮੈਂ ਸਿਰਫ ਲੋਕ ਹਾਂ, ਲੁਕਿਆ ਹੋਇਆ ਦਰਵਾਜ਼ਾ
ਕਾਲੀ ਰੋਟੀ ਹਾਂ। ਜਦ ਤੁਸੀਂ ਮੈਨੂੰ ਜੀਉ-ਆਇਆਂ ਆਖਦੇ ਹੋ
ਤਾਂ ਤੁਸੀਂ ਖ਼ੁਦ ਨੂੰ ਜੀਉ-ਆਇਆਂ ਆਖ ਰਹੇ ਹੁੰਦੇ ਹੋ।
ਸਭ ਚੀਜ਼ਾਂ ਨੂੰ, ਸਭ ਲੋਕਾਂ ਨੂੰ
ਜਿਨ੍ਹਾਂ ਨੂੰ ਮੈਂ ਜਾਣਦਾ ਨਹੀਂ, ਉਹ ਸਭ
ਜਿਨ੍ਹਾਂ ਮੇਰਾ ਕਦੇ ਨਾਂ ਨਹੀਂ ਸੁਣਿਆ
ਉਹ ਜੋ ਸਾਡੇ ਲੰਮੇ ਦਰਿਆਵਾਂ ਕੰਢੇ ਵਸਦੇ ਨੇ
ਜਵਾਲਾ ਮੁਖੀਆਂ ਦੇ ਪੈਰਾਂ 'ਚ
ਤਾਂਬੇ ਦੀ ਗੰਧਕੀ ਛਾਂ ਵਿਚ
ਮਾਹੀਗੀਰ ਅਤੇ ਕਿਸਾਨ
ਝੀਲ-ਕੰਢਿਆਂ ਤੇ ਇੰਡੀਅਨ ਜੋ ਬਾਰੀਆਂ ਵਾਂਗ ਲਿਸ਼ਕਦੇ ਨੇ
ਮੋਚੀ ਜੋ ਆਪਣੇ ਪੁਰਾਤਨ ਹੱਥਾਂ ਨਾਲ ਚਮੜੇ ਵਿਚ ਕਿੱਲ ਠੋਕਦਿਆਂ
ਇਸ ਪਲ ਮੇਰੀ ਬਾਬਤ ਪੁੱਛ ਰਿਹੈ
ਤੁਸੀਂ ਅਣਜਾਣਿਆਂ, ਜਿੰਨ੍ਹਾਂ ਮੇਰੀ ਉਡੀਕ ਕੀਤੀ
ਮੈਂ ਤੈਨੂੰ ਸਿਵਾਣਦਾ ਹਾਂ
ਮੈਂ ਤੁਹਾਡਾ ਹਾਂ
ਤੁਹਾਡੇ ਲਈ ਗਾਉਂਦਾ ਹਾਂ।

(1948)

# ਗੀਤਕਾਰ ਨੂੰ

ਸੰਤ ਸੰਧੂ

ਬਈ-ਮਾਨ ਮਰਾੜ੍ਹਾਂ ਵਾਲੇ
ਅਸੀਂ ਮਸ਼ਕੂਰ ਹਾਂ ਸਾਰੇ
ਨਕਲੀ ਦੰਦਾਂ ਲਈ
ਕੱਚ ਦੀਆਂ ਵੰਗਾਂ ਲਈ
ਮੁੰਦਰੀ ਦੇ ਝੂਠੇ ਨਗ,
ਰੇਸ਼ਮੀ ਨਾਲੇ
ਤੇਰੇ ਮਸ਼ਕੂਰ ਹਾਂ ਸਾਰੇ

ਬਈ-ਮਾਨ ਮਰਾੜ੍ਹਾਂ ਵਾਲੇ
ਤੇਰੇ ਗੀਤਾਂ ਦੀ ਲੈਅ ਤੇ
ਹੁਣ ਤਾਂ ਬਾਲ ਸਕੂਲੀਂ ਪੜ੍ਹਦੇ ਨੇ ਪਹਾੜੇ
ਬਈ-ਮਾਨ ਮਰਾੜ੍ਹਾਂ ਵਾਲੇ
ਤੇਰੇ ਗੀਤਾਂ ਦੀ ਲੈਅ ਨੇ ਹੀ
ਮੇਰੇ ਪਿੰਡ ਦੀਆਂ ਕੰਜਕਾਂ ਦੇ
ਕੀਤੇ ਪੈਰ ਨੇ ਭਾਰੇ
ਤੇਰੇ ਮਸ਼ਕੂਰ ਹਾਂ ਸਾਰੇ

ਤੇਰੇ ਗੀਤਾਂ ਦੀ ਲੈਅ ਨੇ ਹੀ
ਸੌਗਾਤ ਬਖਸ਼ੀ ਹੈ
ਮੇਰੇ ਪਿੰਡ ਦਿਆਂ ਮੁੰਡਿਆਂ ਨੂੰ
ਟੇਢੀ ਪਗੜੀ ਦੀ
ਲਮਕਦੇ ਲੜਾਂ ਦੀ
ਡੱਬ ਵਿਚ ਬੰਦ ਬੋਤਲਾਂ ਦੀ

ਬਈ-ਮਾਨ ਮਰਾੜ੍ਹਾਂ ਵਾਲੇ
ਤੇਰੇ ਗੀਤਾਂ ਦੀ ਲੈਅ ਤੋਂ ਹੀ
ਕੱਤਣਾ ਕੁੜੀਆਂ ਨੂੰ ਭੁੱਲਿਆ
ਸ਼ੀਸ਼ਾ ਪੱਟਾਂ ਵਿਚ ਰੱਖਣ
ਇਕ ਨਜ਼ਰ ਬੀਹੀ ਵਿਚ ਰੱਖਣ
ਤੇਰੇ ਗੀਤ ਗਾਉਂਦੀਆਂ ਹਨ
ਹੱਥ ਛਾਤੀ 'ਤੇ ਧਰਦੀਆਂ,
ਤੇ ਨਾਲੇ ਹਾਉਕੇ ਭਰਦੀਆਂ ਹਨ
ਤੇਰੇ ਗੀਤਾਂ ਦੀ ਲੈਅ ਨੇ ਹੀ
ਪਿੰਡ ਮੇਰੇ ਦੀ ਤੰਦਰੁਸਤ ਹਵਾ
ਬੀਮਾਰ ਕਰ ਦਿਤੀ

ਤੇਰੇ ਗੀਤਾਂ ਦੀ ਲੈਅ ਨੇ ਹੀ
ਉੱਬਲਦੇ ਲਹੂਆਂ ਨੂੰ
ਠੰਡੇ ਠਾਰ ਹੈ ਕੀਤਾ
ਤੇਰੇ ਗੀਤਾਂ ਦੀ ਲੋਰੀ ਨੇ
ਜਵਾਨੀ ਗਾਲ੍ਹ ਦਿਤੀ,
ਨੀਂਦਰ ਦੀ ਮਾਰੂ ਗਾਰ ਦੇ ਅੰਦਰ—
ਅਸੀਂ ਮਸ਼ਕੂਰ ਹਾਂ ਸਾਰੇ
ਤੇਰੇ ਗੀਤਾਂ ਦੀ ਲੈਅ ਤੇ ਹੀ ਖੁਸਰੇ ਆਮ ਨਚਦੇ ਰਹੇ
ਬਈ—ਮਾਨ ਮਰਾੜਾਂ ਵਾਲੇ
ਤੇਰੇ ਗੀਤਾਂ ਦੀ ਲੈਅ ਤੋਂ ਹੀ
ਗੀਤਾਂ ਦੀ ਜ਼ਾਤ ਡਰਦੀ ਹੈ।

ਮੇਰੀ ਤਾਂ ਸਭਿਅਤਾ ਹੈ
ਸੁੱਚੇ ਦੁੱਧ ਦਾ ਕਟੋਰਾ
ਰਹਿਣ ਦੇ
ਨਾ ਵਿੱਸ ਭਰੇ ਗੀਤਾਂ ਦਾ ਅੰਮ੍ਰਿਤ ਘੋਲ
ਜਾ ਹੋਰ ਕਿਤੇ ਤੁਰ ਜਾ
ਅਸੀਂ ਮਸ਼ਕੂਰ ਹਾਂ ਤੇਰੇ

ਬਈ—ਮਾਨ ਮਰਾੜਾਂ ਵਾਲੇ
ਤੇਰੀ ਹੀ ਕਲਮ ਦੇ ਵਾਂਗੂ
ਹੋ ਤਾਂ ਸਕਦੀ ਹੈ ਹਲਕੀ
ਮੇਰੀ ਧਰਤ ਦੀ ਕਾਨੀ
ਪਰ ਨਹੀਂ ਹੋਲੀ, ਮੇਰੀ ਧਰਤੀ ਦੀ ਔਰਤ

ਜਾ ਹੋਰ ਕਿਤੇ ਤੁਰ ਜਾ
ਜਿੱਥੇ ਤੂੰ ਦੇਖ ਸਕੇਂ
ਸਿਰਫ ਤੁੜੀ ਵਿਚ ਲਿੱਬੜੀ ਗੁੱਤ
ਤੇ ਚਿੱਟੀਆਂ ਚਾਦਰਾਂ ਤੇ ਦਾਗ
ਬਈ-ਮਾਨ ਮਰਾੜਾਂ ਵਾਲੇ
ਹੋਵੇ ਵਿਚ ਮਰਾੜੀਂ ਜੇ
ਕੋਈ ਵੀਰ ਲਾਡਲੀਆਂ ਭੈਣਾਂ ਦਾ
ਜਾਂ ਕੋਈ ਹੋਵੇ
ਮੱਤਾਂ ਵਾਲੀ ਮਾਂ ਕਿਸੇ ਸਾਊ ਜਹੀ ਧੀ ਦੀ
ਉਹਨਾਂ ਤੋਂ ਪੁੱਛੀਂ
ਧੀ ਤੇ ਭੈਣ ਜਹੇ ਪਾਕ ਪਵਿੱਤਰ ਸ਼ਬਦਾਂ ਦੀ
ਤਾਸੀਰ ਕੈਸੀ ਹੈ ?

ਬਈ-ਮਾਨ ਮਰਾੜਾਂ ਵਾਲੇ
ਪੇਸ਼ ਨਹੀਂ ਚੱਲਦੀ ਹੋਣੀ ਤੇਰੀ
ਤੇਰੇ ਗੀਤਾਂ ਦੇ ਜੰਗਲ 'ਚ
ਬਹੁਤ ਹੀ ਤੇਜ਼ ਚੱਲਦੀ ਹੈ
ਬਦਚੱਲਣੀ ਦੀ ਹਨੇਰੀ

ਜਗੀਰੂ ਢਾਂਚੇ ਦੇ ਪੁੜਾਂ ਵਿਚ
ਦਰੜੀ ਹੋਈ ਔਰਤ ਦੇ ਜ਼ਖਮਾਂ ਦੀ ਚੀਸ
ਤੈਨੂੰ ਜੇ ਕਿਧਰੇ ਸੁਣ ਵੀ ਪਈ
ਤੂੰ ਤਾਂ ਗਲਤ ਨਾ ਸਮਝੀਂ
ਤੈਨੂੰ ਤਾਂ ਹੋਵੇਗਾ ਅਹਿਸਾਸ
ਕੇਵਲ ਧੁੰਨੀ ਦੇ ਕੋਲੋਂ ਉੱਠਦੀ ਹੀ ਪੀੜ ਦਾ
ਬਈ-ਮਾਨ ਮਰਾੜਾਂ ਵਾਲੇ
ਮੈਨੂੰ ਹੁਣ ਸਾਫ ਦਿਸਦਾ ਹੈ
ਮਰਾੜਾਂ ਵਿਚ ਹੀ ਸਿਰ ਚੁਕ ਰਹੀ ਸਾਜ਼ਿਸ
ਤੇਰਿਆਂ ਗੀਤਾਂ ਦੀ ਹੀਰ ਨੂੰ ਜ਼ਹਿਰ ਦੇਣ ਲਈ

ਸਾਡੇ ਸੀਨਿਆਂ ਵਿਚ
ਖੋਲਦੇ ਪਾਣੀਆਂ ਦੇ ਹੌਜ਼ ਹੀ ਨਹੀਂ ਹਨ
ਹਨ ਕੁਝ ਪਿਆਰ ਦੀਆਂ ਬੂੰਦਾਂ ਵੀ
ਤੇ ਸਾਨੂੰ—ਜਿਹਨਾਂ ਨੂੰ ਭਾਵਕ ਜਿਹਾ ਮੋਹ ਹੈ
ਜਿੰਦੜੀ ਵਰਗੀ ਹਰ ਸ਼ੈ ਨਾਲ
ਅਸੀਂ ਨਹੀਂ ਚਾਹੁੰਦੇ—
ਤੇਰਾ ਵੀ ਅੰਤ ਹੋਵੇ
ਸੂਰਮੇ ਡਾਕੂ ਦੇ ਅੰਤ ਵਰਗਾ,
ਇਸ ਤੋਂ ਪਹਿਲਾਂ
ਮਰਾੜਾਂ ਵਿਚ ਸੁਲਘਦੀ ਸਾਜ਼ਿਸ
ਆਪਣੇ ਸਿਖਰ ਤੇ ਪਹੁੰਚੇ

ਜਾਹ ਦੂਰ ਕਿਤੇ ਤੁਰ ਜਾ
ਅਸੀਂ ਮਸ਼ਕੂਰ ਹਾਂ ਸਾਰੇ—
ਨਕਲੀ ਦੰਦਾਂ ਲਈ

(ਬਾਕੀ ਸਫ਼ਾ 18 )

ਸੰਦੀਪ ਸਟੂਡੀਓ

FOR ANY KIND OF

**Photography**

REMEMBER

SANDEEP
STUDIO

8157 Main Street
at Marine Drive

TELEPHONE: 324-4727 325-9255

ਹਰ ਕਿਸਮ ਦੇ ਬੀਮੇ
ਲਈ ਤੁਹਾਡੇ ਸਹਾਇਕ:-

ਗਿੱਲ ਇਨਸ਼ੋਅਰੈਂਸ
ਸਰਵਿਸਜ਼ ਕੰਪਨੀ ਲਿਮਿਟਡ
(ਸੁਰਜੀਤ ਗਿੱਲ)

AUTO — FIRE — LIFE

B—3905 Knight Street
at Kingsway)
Vancouver, B.C.

Off. 879-5522 Res. 434-7757

# ਕੈਨੇਡਾ ਦੇ ਕਵੀ

ਵੀਅਤਨਾਮ ਦੀ ਜਿੱਤ ਨੂੰ ਸਮਰਪਿਤ ਦੋ ਕਵਿਤਾਵਾਂ :

## ਵੀਅਤਨਾਮ

(ਅਜਮੇਰ ਸਿੰਘ ਰੋਡੇ)

ਪਿਆਰੇ ਵੀਅਤਨਾਮ,
ਅੱਜ ਦੀ ਸਵੇਰ ਤੇਰਾ ਨਾਂ ਲੈਕੇ ਚੜ੍ਹੀ ਹੈ
ਮੁਸਕ੍ਰਾ ਕੇ ਦੱਸ ਰਹੀ ਹੈ
ਕਿ ਤੂੰ ਆਪਣੇ ਜਿਸਮ ਦੁਆਲੇ
ਲਿਪਟੇ ਮਹਾਂ ਨਾਗ ਦੇ ਸਾਰੇ ਵਲ ਲਾਹ ਸੁੱਟੇ ਹਨ।
ਤੇ ਧਰਤੀ ਤੇ ਪਟਕਿਆ ਨਾਗ
ਆਖ਼ਰੀ ਦਮ ਤੋੜ ਗਿਆ ਹੈ।
ਮੈਂ ਤੁਰਦਾ ਤੁਰਦਾ ਅਚਾਨਕ ਰੁਕ ਗਿਆ ਹਾਂ
ਤੇ ਪੂਰਬ ਵੱਲ ਨੂੰ ਮੂੰਹ ਕਰਕੇ ਖੜ੍ਹ ਗਿਆ ਹਾਂ
ਜੀਅ ਕਰਦਾ ਹੈ
ਤੇਰੇ ਜਿਸਮ ਨਾਲ ਛੋਹ ਕੇ ਆ ਰਹੀ
ਹਰ ਕਿਰਨ ਨੂੰ ਅੱਖਾਂ ਵਿੱਚ ਸਮੋ ਲਵਾਂ
ਅੰਦਰ ਚਾਨਣ ਭਰ ਲਵਾਂ
ਤੇ ਇੱਕ ਫੁਲਝੜੀ ਜਿਹੀ ਬਣ ਕੇ ਖਿੜ ਪਵਾਂ।

ਸੁਹਣੇ ਵੀਅਤਨਾਮ,
ਤੇਰੀਆਂ ਨਾੜਾਂ ਵਿੱਚ ਸੁਰਖ਼ ਲਹੂ ਫੇਰ ਛੱਲਾਂ ਮਾਰ ਉਠਿਆ ਹੈ
ਤੇਰੇ ਧਾਨਾਂ ਦਿਆਂ ਖੇਤਾਂ ਵਿੱਚ
ਰੁੱਸੀ ਹਰਿਆਲੀ ਫੇਰ ਹੱਸ ਪਈ ਹੈ
ਤੇਰੀਆਂ ਲੋਹੇ ਦੀਆਂ ਤੇਨਾਂ ਥੱਲੇ ਮਸਲੀਆਂ ਸੜਕਾਂ ਨੇ
ਭਰ ਕੇ ਸਾਹ ਲਿਆ ਹੈ।

ਆਹ ਸੁਣ,
ਕਿਸੇ ਸਹਿਮੇ ਪੰਛੀ ਨੇ ਬ੍ਰਿਛ ਦੇ ਪੱਤਿਆਂ 'ਚੋਂ
ਪਹਿਲੀ ਵੇਰ ਖੁਲ੍ਹ ਕੇ ਕੂਕ ਮਾਰੀ ਹੈ।
ਆਹ ਤੱਕ,
ਤੇਰੇ ਮਸਤਕ ਤੇ ਖੱਬਲ ਵਾਂਗ ਉਲਝੇ ਵਾਲਾਂ 'ਚੋਂ
ਇੱਕ ਸੂਹਾ ਫੁੱਲ ਪੂਰੇ ਦਾ ਪੂਰਾ ਖੁਲ੍ਹ ਗਿਆ ਹੈ
ਜੀਅ ਕਰਦਾ ਹੈ
ਕੁਝ ਪਲਾਂ ਲਈ ਤੇਰੇ ਫੁੱਲ ਦੀਆਂ ਪੱਤੀਆਂ ਵਿਚਕਾਰ
ਆਪਣੀ ਰੂਹ ਧਰ ਦੇਵਾਂ।

ਜੋਧੇ ਵੀਅਤਨਾਮ,
ਲੋਕ ਮੂੰਹ 'ਚ ਉਂਗਲਾਂ ਲਈ ਖੜ੍ਹੇ ਹਨ :
ਜੋ ਪਰਬਤ ਕੱਲ੍ਹ ਅਜਿੱਤ ਦਿਸਦਾ ਸੀ
ਤੇ ਦੈਂਤ ਵਾਂਗ ਗਰਜਦਾ ਰਿਹਾ ਸੀ
ਤੇਰੇ ਝਟਕੇ ਨਾਲ
ਰੇਤ ਦਾ ਟਿੱਬਾ ਬਣਿਆਂ ਢਹਿ ਢੇਰੀ ਹੋਇਆ ਪਿਆ ਹੈ।

ਪਿਆਰੇ ਵੀਅਤਨਾਮ,
ਇਸ ਪਲ ਤੈਨੂੰ
ਕਲਮ ਤੇ ਪੁਸਤਕ ਭੇਂਟ ਕਰਕੇ
ਕਰਦਾ ਹਾਂ ਪਰਨਾਮ।

## ਵੀਅਤਨਾਮ ਜ਼ਿੰਦਾਬਾਦ

'ਸੂਫ਼ੀ' ਅਮਰਜੀਤ 'ਬੱਸੀਆਂ'

'ਹੋ ਚੀ ਮਿੰਨ੍ਹ ਸ਼ਹਿਰ' ਦੀਆਂ ਰੌਸ਼ਨ ਗਲੀਆਂ ਨੇ।
ਜ਼ੁਲਮ ਸਿਤਮ ਦੇ ਘਰ ਤਰਕਾਲਾਂ ਢਲੀਆਂ ਨੇ।
ਗੱਲ ਜੋ ਕਿਧਰੇ ਜੁਗਾਂ ਵਿੱਚ ਇਕ ਹੁੰਦੀ ਹੈ,
ਉਸ ਗੱਲ ਦੀਆਂ ਹਰ ਥਾਂ ਗੱਲਾਂ ਚੱਲੀਆਂ ਨੇ।
ਮਾਨਵਤਾ ਪਾ ਸੱਚ ਹਮੇਲਾਂ ਨੱਚ ਉੱਠੀ,
ਕੂੜ-ਦੋਖੀਆਂ ਨੇ ਅੱਜ ਮਲੀਆਂ ਤਲੀਆਂ ਨੇ।
ਜਿੱਤਾਂ ਕੋਈ ਐਵੇਂ, ਵਾਧੂ ਚੀਜ਼ਾਂ ਨਹੀਂ,
ਸਿਰ ਦੇ ਕੇ ਮੁੱਲ ਲਈਆਂ ਨੇ ਇਹ ਬਲੀਆਂ ਨੇ।
ਇਹ ਨਹੀਂ ਬਖ਼ਸ਼ਿਸ਼ ਕਲਪਤ ਕਿਸੇ ਵੀ ਦਾਤੇ ਦੀ,
ਇਹ ਹੈ ਕਰਨੀ ਜਿੰਨ੍ਹਾਂ ਸਿਰਾਂ ਤੇ ਝੱਲੀਆਂ ਨੇ।
ਬਲਿਹਾਰੇ ਮੈਂ ਸਦਕੇ ਦੂਲੇ ਮਰਦਾਂ ਦੇ,
ਡੋਬੂ - ਜ਼ੁਲਮੀ - ਲਹਿਰਾਂ ਜਿੰਨ੍ਹਾਂ ਠੱਲੀਆਂ ਨੇ।
ਇੰਞ ਮਨਾਈ ਹਾਰ ਕਿਸੇ ਨੇ ਵੇਖੀ ਨਾ,
ਵੈਰੀ ਛੱਡਿਆ ਕਰਕੇ ਐਨ ਤਸੱਲੀਆਂ ਨੇ।
ਅਜੇ ਵੀ ਹੈਨ ਬਥੇਰੇ ਹਾਮੀ ਡਾਕੂ ਦੇ,
ਜਾਨਵਰੋ ਫਿਰ ਜਦ ਪਾ ਛੱਡੀਆਂ ਖੱਲੀਆਂ ਨੇ।
'ਸੂਫ਼ੀ' ਇਹ ਪੜ੍ਹਾਅ ਇਕ ਲੰਬੀ ਮੰਜ਼ਿਲ ਦਾ,
ਇਸ ਰਾਹ ਵੱਲ ਕਈ ਹੋਰ ਦਗੀਆਂ ਹੱਲੀਆਂ ਨੇ।

## ਤੱਤੀ ਤਵੀ

(ਸੁਰਿੰਦਰ ਧੰਜਲ)

ਸੁਪਨਿਆਂ ਦੇ ਸ਼ਹਿਨਸ਼ਾਹ
ਤੂੰ ਹੈਂ ਇਕ ਐਸਾ ਪੜਾਅ
ਜਿੱਥੇ ਆਕੇ ਚੈਨ ਪਾਉਂਦੇ
ਜ਼ਿੰਦਗੀ ਦੇ ਸਾਰੇ ਰਾਹ।

ਸ਼ਾਂਤੀ ਦਾ ਸੁਪਨਾ ਤੇਰਾ,
ਸੁਪਨਿਆਂ ਦੀ ਸਿਖਰ ਸੀ
ਅੱਜ ਦੀ 'ਤੱਤੀ ਤਵੀ' ਨੂੰ
ਕੱਲ੍ਹ ਦਾ ਵੀ ਫ਼ਿਕਰ ਸੀ
ਸੁਪਨਿਆਂ ਦੇ 'ਦਰਸ਼ਨ' ਦੀ
'ਲੋਚਾ' ਦਾ ਤੂੰ ਜ਼ਿਕਰ ਸੀ
'ਚਾਤ੍ਰਿਕ' ਦੀ 'ਵਿਲਪ' ਵਰਗਾ
ਜਿਸ 'ਚ ਰੋਣਾ ਅਸਰ ਸੀ

ਕਿਉਂ, ਕਿਵੇਂ, ਕੀ ਲੋਚਣਾ
ਚਾਹੀਦੈ; ਤੂੰ ਇਸਦੀ ਮਿਸਾਲ
ਅੱਗ ਨੂੰ ਜਿੱਤ ਗਿਆ ਸੀ ਤੇਰੀ
ਸੁਪਨ-ਠੰਢਕ ਦਾ ਜਲਾਲ

ਤੇਰੇ ਸੁਪਨੇ, ਤੇਰੀ ਲੋਚਾ
ਦਾ ਹੀ ਸੀ ਚੜ੍ਹਿਆ ਖ਼ੁਮਾਰ
'ਪੀਰੀ' ਦੇ ਨਾਲ 'ਮੀਰੀ' ਦੀ ਕਿ
ਜੁੜ ਗਈ ਤਿੱਖੀ ਤਲਵਾਰ

ਰਾਵੀ ਦੇ ਪਾਣੀ 'ਚ ਤੇਰੇ
ਸੁਪਨੇ ਜਿਹੜੇ ਤਰ ਗਏ
ਐਸਾ ਕੁਝ ਉਹ ਰਾਹ ਤੇਰੇ ਦੇ
ਰਾਹੀਆਂ ਦੇ ਸਿਰ ਭਰ ਗਏ:
ਕਿ ਲਾਲ-ਰਾਵੀ ਸੁਰਖ਼ੀ ਦੀ
ਕਰ ਉਹ ਸੂਹੇ ਸਰ ਗਏ
ਪਾਣੀਆਂ ਦੀ ਤਲੀ ਤੇ
ਚਾਨਣ-ਮੁਨਾਰੇ ਧਰ ਗਏ

ਚੁੰਮਦੇ ਰਹੇ ਖਿੜੇ ਮੱਥੇ,
ਤਲਖੀਆਂ, ਸੂਲਾਂ ਦਾ ਰਾਹ
ਏਸੇ ਲਈ ਮੈਂ ਆਖਦਾ ਹਾਂ
ਤੈਨੂੰ ਇਕ ਐਸਾ ਪੜਾਅ
ਜਿੱਥੇ ਆਕੇ ਚੈਨ ਪਾਉਂਦੇ
ਜ਼ਿੰਦਗੀ ਦੇ ਸਾਰੇ ਰਾਹ।

## ਧਰਮ ਦੇ ਠੇਕੇਦਾਰ

(ਜੀ. ਐੱਸ. ਗਿੱਲ)

ਧਰਮ ਦੇ ਠੇਕੇਦਾਰੋ
ਰੱਬ ਦਿਉ ਪਹਿਰੇਦਾਰੋ
ਚੌਧਰਾਂ ਦੇ ਭੁੱਖੇ ਜ਼ਾਲਮੋਂ
ਕਦੇ ਸੋਚਿਆ ਹੈ... ?
ਕਦੇ ਸੁਣੀ ਹੈ,
ਰੋਂਦੇ ਕੁਰਲਾਂਦੇ
ਭੁੱਖ ਦੇ ਸਤਾਏ
ਨਿਆਸਰਿਆਂ ਦੀ ਪੁਕਾਰ...?
ਤੁਹਾਨੂੰ ਆਪਣੇ ਕੁਕਰਮਾਂ ਤੋਂ
ਵਿਹਲ ਹੀ ਕਦੋਂ ਮਿਲਦਾ ਹੈ
ਕਿਸੇ ਦੁਖੀ ਦੀ
ਪੁਕਾਰ ਸੁਣਨ ਲਈ !

ਕੀ ਤੁਹਾਡਾ 'ਧਰਮ'
ਤੁਹਾਨੂੰ ਏਹੋ ਸਿਖਾਲਦਾ ਹੈ
ਕਿ ਲੈਕੇ 'ਮੇਰੀ' ਆੜ
ਕਰੋ ਉਹ ਸਭ ਕੁਕਰਮ
ਜੋ ਤੁਹਾਡਾ ਜੀ ਚਾਹੁੰਦਾ ਹੈ...
ਤੇ ਲੁੱਟੋ ਕੁਆਰੀਆਂ ਅਸਮਤਾਂ
ਮੰਦਰਾਂ, ਮਸੀਤਾਂ ਤੇ ਗੁਰਦੁਆਰਿਆਂ 'ਚ?

ਸਾਡਾ ਖ਼ੂਨ ਪੀਣ ਵਾਲਾ
ਹਰ ਲੁਟੇਰਾ ਤੁਹਾਡਾ ਸਾਥੀ ਹੈ
ਸਾਡਾ ਵੀ ਇਹ ਧਰਮ ਹੈ
ਜੋ ਸਾਨੂੰ ਸਿਖਾਉਂਦਾ ਹੈ
ਕਿ ਅਸੀਂ ਹਰ ਲੁਟੇਰੇ ਦਾ
ਅਤੇ ਉਸਦੇ ਸਾਥੀਆਂ ਦਾ ਖੱਪਰ
ਦਾਤੀਆਂ ਨਾਲ ਲਾਹੁੰਦੇ ਰਹੀਏ
ਜਾਂ ਹਥੌੜਿਆਂ ਨਾਲ ਫੇਹਦੇ ਰਹੀਏ
ਜਿੰਨਾਂ ਚਿਰ ਤੁਹਾਨੂੰ
ਤੇ ਤੁਹਾਡੇ ਸਾਥੀਆਂ ਨੂੰ
ਕਬਰਾਂ ਵਿੱਚ
ਦਫ਼ਨ ਨਹੀਂ ਦਿੰਦੇ ... ...

ਧਰਮ ਦੇ ਠੇਕੇਦਾਰੋ
ਰੱਬ ਦਿਉ ਪਹਿਰੇਦਾਰੋ
ਚੌਧਰਾਂ ਦੇ ਭੁੱਖੇ ਜ਼ਾਲਮੋਂ
ਕਦੇ ਸੋਚਿਆ ਹੈ ... ?

## ਬਰਮਾ

(ਗਿ: ਕੇਸਰ ਸਿੰਘ)

ਰੱਬ ਨੂੰ ਕੀ ਪਤੈ
ਕੀ ਹੋ ਰਿਹੈ ਅੱਜ!
ਬਰਮੀ ਬੱਚੇ ਦਾ ਢਿੱਡ
ਆਫਰਿਆ ਹੋਇਆ ਹੈ।
ਲੱਤਾਂ ਉਸਦੀਆਂ
ਤਾਰਾਂ ਨਾਲੋਂ ਪਤਲੀਆਂ ਹਨ
ਅੱਖਾਂ ਉਸ ਦੀਆਂ -
ਧਸ ਗਈਆਂ ਹਨ
ਡੂੰਘੇ ਟੋਇਆਂ ਵਿੱਚ
ਮਾਂ ਉਸਦੀ
ਉਸ ਨੂੰ
ਆਪਣੀ ਨੰਗੀ ਗੋਦ ਵਿੱਚ
ਲੈਕੇ ਬੈਠੀ ਹੈ।
ਉਸਨੇ ਆਪਣਾ ਨੰਗੇਜ਼
ਬੱਚੇ ਦੇ ਨੰਗ-ਮੁਨੰਗੇ
ਤਨ ਨਾਲ
ਢਕਿਆ ਹੋਇਆ ਹੈ।
ਰੱਬ ਨੂੰ ਕੀ ਪਤੈ
ਕੀ ਹੋ ਰਿਹੈ ਅੱਜ!

(1943)

## ਇਕਬਾਲ ਜੁਰਮ, ਪਰਨ ਜੁਰਮ

(ਜਰਨੈਲ ਚੰਦੀ)

ਮੈਂ ਸਿਆਸਤ-ਗੀਹ ਤੇ ਬੇਸਮਝ
ਹਰ ਮਕਰੀ-ਮਹਿਫ਼ਲ ਦੀ ਫ਼ਿਜ਼ਾ 'ਚ
ਕੰਡਾ ਬਣ ਜਾਨੈਂ।
ਤੇ ਉਸ ਮਹਿਫ਼ਲ ਦੀ ਫ਼ਿਜ਼ਾ 'ਚ
ਬਰਬਰਾਹਟ ਹੁੰਦੀ ਏ
ਜਿਵੇਂ ਸਾਗਰ ਦੀ ਹਿੱਕ ਤੇ ਪੱਥਰ ਮਾਰੇ
ਕਿੰਨੀਆਂ ਲਹਿਰਾਂ ਪੈਦਾ ਹੋਵਣ।
ਆਪਣੀ ਬੇਸਮਝੀ ਕਾਰਨ
ਦੋ ਤੇ ਦੋ ਚਾਰ ਹਾਂ ਕਹਿੰਦਾ।
ਤਿੰਨ ਤੇ ਪੰਜ ਨਾ ਕਹਿਣ ਦਾ
ਨਿਸ-ਦਿਨ ਹਾਂ ਇਲਜ਼ਾਮ ਮੈਂ ਸਹਿੰਦਾ।
ਉਸ ਦਿਨ ਦੀ ਗੱਲ ਮੈਂ ਸੋਚਿਓਂ
ਮਕਰ, ਫ਼ਰੇਬ, ਪਖੰਡ ਦੀ ਬੁੱਚਕੀ
ਭਰੀ ਮਹਿਫ਼ਲੇ ਭੂੰਜੇ ਸੁੱਟੀ
ਹਰ ਦਿਸ਼ਾ ਤੋਂ ਮਕਰੀ ਫੱਲਾਂ
ਮੇਰੇ ਸਿਰ ਤੇ ਛਾਂ ਸੀ ਕੀਤੀ
ਕੁਝ ਸੁਹਿਰਦ ਜਾਣਾਂ ਨੇ ਪਿਛੋਂ
ਰਾਜਨੀਤੀ ਦਾ ਪਾ ਵਾਸਤਾ
ਮੈਨੂੰ ਗੁਰ-ਸਿੱਖਿਆ ਦਿੱਤੀ।
ਮੇਰੇ ਜਾਣੋ!
ਮੇਰੇ ਹਾਲ ਤੇ ਤਰਸ ਨਾ ਖਾਓ
ਮੈਂ ਖ਼ੁਦ ਇਸ ਜੁਰਮ ਦਾ ਇਕਬਾਲ ਕਰਦਾ ਹਾਂ
ਤੇ ਇਹ ਜੁਰਮ ਫਿਰ ਕਰਨ ਦਾ ਪਰਨ ਕਰਦਾ ਹਾਂ।

## ਗ਼ਜ਼ਲ

(ਅਮਰੀਕ ਸਿੰਘ ਪਲਾਹੀ)

ਸ਼ਹਿਰ ਦੇ ਹਾਕਮ ਬੜੇ ਬਦਨਾਮ ਨੇ।
ਸ਼ਹਿਰ ਦੀ ਮੰਡੀ ਦੇ ਚਰਚੇ ਆਮ ਨੇ।
ਮੁੜ੍ਹਕਿਆਂ ਦੀ ਮਹਿਕ ਤੱਕਕੇ ਬਦਲਦੀ,
ਕੁੱਲੀਆਂ 'ਚੋਂ ਫੜ ਲਏ ਭਗਵਾਨ ਨੇ।
ਮਹਿਕ ਇੱਥੋਂ ਆ ਰਹੀ ਕਿਉਂ ਖ਼ੂਨ ਦੀ?
ਇਹ ਤੇ ਦਾਨੀ ਸੱਜਣਾਂ ਦੇ ਨਾਮ ਨੇ।
ਖ਼ਬਰ ਦੀ ਸੁਰਖ਼ੀ ਦੇ ਕਾਲੇ ਅਖਰ ਦੇ,
ਰੰਗ ਪੀਲੇ ਜਾ ਰਹੇ ਅਨੁਮਾਨ ਨੇ।
ਉਨ੍ਹਾਂ ਦਾ ਵੀ ਹਸ਼ਰ ਏਹੋ ਹੋਵੇਗਾ,
ਪਰਦਿਆਂ ਦੇ ਅੱਜ ਜੋ ਮਹਿਮਾਨ ਨੇ।
ਸੱਚ ਨੂੰ ਜੇਲ੍ਹਾਂ ਦੇ ਤਾਲੇ ਆਖਦੇ,
ਸ਼ਹਿਰ ਵਿੱਚੋਂ ਵੰਡੇ ਗਏ ਸਨਮਾਨ ਨੇ।

●

## ਆਦਤ

(ਦਰਸ਼ਨ ਗਿੱਲ)

ਅਸੀਂ ਹਨੇਰੇ ਦੇ ਸਭ ਆਦੀ ਹੋ ਚੁਕੇ ਹਾਂ!
ਜਦ ਵੀ ਕੋਈ ਕਿਰਨ ਕਿਰਮਚੀ
ਸਾਡੇ ਸਾਹਵੇਂ ਆ ਜਾਂਦੀ ਹੈ -
ਨਜ਼ਰ ਸਾਡੀ ਧੁੰਧਲਾ ਜਾਂਦੀ ਹੈ।
ਸਾਨੂੰ ਸਹਿਆਂ ਦਾ ਸੱਪ ਡੰਗ ਜਾਂਦਾ ਹੈ।
ਤੇ ਸਾਡੇ ਆਪੇ ਨੂੰ ਸੂਲੀ ਟੰਗ ਜਾਂਦਾ ਹੈ।

# INTER-UNIVERSAL FOOD EMPORIUM

9369 Scott Road (120th Street)
DELTA, B.C.

Phone:
584-7313

# ਇੰਟਰ-ਯੂਨੀਵਰਸਲ ਫੂਡ ਇਮਪੋਰੀਅਮ

9369 ਸਕਾਟ ਰੋਡ (120th ਸਟਰੀਟ)
ਡੈਲਟਾ, ਬੀ.ਸੀ.

## ALL EAST INDIAN GROCERIES:

- ROTI FLOUR
- DALS
- Pickels of all kinds
- Chutneys
- Makki da atta
- Spices of all kinds
- Fresh and green vegetables
- Fresh mangoes &
- 8-track recorded tapes & records

* UTENSILS *

**STORE HOURS:**
**MONDAY thru THURSDAY:** 10:30 A.M. to 7:00 P.M.
**FRIDAY:** 10:30 A.M. to 9:00 P.M.
**SATURDAY:** 9 A.M. to 7:00 P.M.
**SUNDAY:** 11:00 A.M. to 2:30 P.M.

## ਹਰ ਤਰ੍ਹਾਂ ਦੀ ਭਾਰਤੀ ਗਰੋਸਰੀ:

- ਰੋਟੀ ਪਕਾਉਣ ਵਾਲਾ ਆਟਾ
- ਦਾਲਾਂ
- ਸਭ ਤਰ੍ਹਾਂ ਦੇ ਆਚਾਰ
- ਚਟਣੀਆਂ
- ਮੱਕੀ ਦਾ ਆਟਾ
- ਹਰ ਕਿਸਮ ਦੇ ਮਸਾਲੇ
- ਤਾਜ਼ਾ ਹਰੀਆਂ ਸਬਜ਼ੀਆਂ
- ਤਾਜ਼ਾ ਅੰਬ
- 8 ਟਰੈਕ ਦੀਆਂ ਰੀਕਾਰਡ-ਟੇਪਾਂ ਅਤੇ ਰੀਕਾਰਡ

* ਭਾਰੇ ਥੱਲੇ ਵਾਲੇ ਪਤੀਲੇ *

SPECIAL REDUCTION ON MARRIAGES
ਵਿਆਹ-ਸ਼ਾਦੀਆਂ ਵਾਸਤੇ ਵਿਸ਼ੇਸ਼ ਰਿਆਇਤ

LOTS OF PARKING SPACE
ਕਾਰਾਂ ਪਾਰਕ ਕਰਨ ਵਾਸਤੇ ਖੁੱਲੀ-ਡੁੱਲੀ ਜਗ੍ਹਾ

# ਇੰਟਰ-ਯੂਨੀਵਰਸਲ ਫੂਡ ਇਮਪੋਰੀਅਮ

# ਗਧੀ ਵਾਲਾ

(ਗੁਰਦਿਆਲ ਸਿੰਘ)

ਐਤਵਾਰ ਹੋਣ ਕਰਕੇ ਸਾਰੇ ਅਧਿਆਪਕ ਆਪਣੀਆਂ 'ਕਲੋਨੀਆਂ' ਸਾਹਮਣੇ ਖੜੋਤੇ 'ਹਨ-ਪੇਡ' ਰਹੇ ਸਨ ਤੇ ਅਗੋਂ ਦੀ ਵਗਦੇ ਰਾਹ ਉਤੇ ਆਉਂਦੇ ਜਾਂਦੇ ਲੋਕਾਂ ਵਲ ਤਕਦੇ 'ਆਨੰਦ' ਮਾਣ ਰਹੇ ਸਨ। (ਪਿੰਡ ਤੋਂ ਬਾਹਰਵਾਰ, ਸਕੂਲ ਦੇ ਕੋਲ ਕਰਕੇ, ਪੰਚਾਇਤ ਨੇ ਅਧਿਆਪਕਾਂ ਦੇ ਰਹਿਣ ਲਈ ਕੁਝ ਪੱਕੇ ਕੋਠੇ ਬਣਾ ਕੇ ਦਿਤੇ ਹੋਏ ਹਨ। ਏਸ ਸਾਰੇ ਇਲਾਕੇ ਵਿਚ ਇਕ ਇਹੋ ਪਿੰਡ ਹੈ ਜਿਥੇ ਅਧਿਆ-ਪਕਾਂ ਨੂੰ 'ਮੁਫਤ' ਘਰ ਦਿਤੇ ਜਾਂਦੇ ਹਨ; ਤੇ ਉਹਨਾਂ ਕੋਲੋਂ ਇਸ ਗੱਲ ਦੀ 'ਕਰੂੰਗ' ਦਾ ਭਾਰ ਹੀ ਨਹੀਂ ਸੀ ਚੁਕਿਆ ਜਾਂਦਾ।—ਆਪਣੇ ਇਹਨਾਂ ਕੋਠਿਆਂ ਨੂੰ ਇਹ 'ਕਲੋਨੀਆਂ' ਸਦਦੇ ਸਨ।)

ਦਿਨ ਕੁ ਹੋਇਆ ਇਕ ਗਭਰੂ ਮੁੰਡਾ ਰੰਗ-ਬਰੰਗੇ ਫੁੱਲਾਂ ਵਾਲਾ ਟੋਕ ਸਿਰ ਉਤੇ ਚੁਕੀਂ, ਆਪਣੀ ਵਹੁਟੀ ਨੂੰ ਨਾਲ ਲੈ ਕੇ ਲੰਘਿਆ ਸੀ। ਆਪ ਤਾਂ ਉਹ ਵਡੇ ਲੰਮੇ ਕੱਦ ਦਾ ਤੇ ਨਰੋਆ ਸੀ, ਪਰ ਵਿਚਾਰੇ ਨੂੰ ਵਹੁਟੀ ਮਧਰੀ ਤੇ 'ਗਲੇਟ ਜਿਹਾ' ਹੀ ਲਭੀ ਸੀ। ਉਹ ਸਾਰੇ ਪਹਿਲਾਂ ਤਾਂ ਕੁਝ ਚਿਰ, ਵਹੁਟੀ-ਗਭਰੂ ਦੇ ਭੜਕੀਲੇ ਕਪੜਿਆਂ ਤੇ ਉਹਨਾਂ ਦੇ ਕੱਦ-ਕਾਠ ਤੇ ਰੰਗ-ਰੂਪ ਦੇ ਕਜੋੜ ਦੀਆਂ ਗੱਲਾਂ ਕਰਕੇ ਹਸਦੇ ਰਹੇ ਤੇ ਫੇਰ ਹੌਲੀ ਹੌਲੀ 'ਸਮਾਜ ਦੀਆਂ ਕੁਰੀਤੀਆਂ ਤੇ ਆਮ ਲੋਕਾਂ ਦੀ ਜਹਾਲਤ' ਬਾਰੇ 'ਗੰਭੀਰ-ਵਿਚਾਰਾਂ' ਕਰਨ ਲਗ ਪਏ। ਪਰ ਅਜੇ ਉਹਨਾਂ ਦੀਆਂ 'ਗੰਭੀਰ-ਵਿਚਾਰਾਂ' 'ਗਿਟਿਆਂ-ਗੋਡਿਆਂ' ਵਿਚ ਹੀ ਸਨ ਕਿ ਪਿੰਡ ਵਲ ਝਾਕਦਿਆਂ, ਵਡੇ ਮਾਸਟਰ ਨੇ ਆਪਣੀ ਵਜੋਂਵਤੀ ਅੱਖ ਨੂੰ ਲਿਸ਼ਕਾਂਦਿਆਂ, ਖੱਬੀ ਵਰਾਛ ਉਤਾਂਹ ਚੜ੍ਹਾ ਕੇ ਆਖਿਆ—

'ਅਹਿ ਗਧੀ ਵਾਲਾ ਹਜਰਤ ਈ ਬੰਦਾ ਉਆ! ਵੇਖ ਕਿੱਦਾਂ ਝੂਮਦਾ ਆਉਂਦਾ ਉਆ।'

ਸਾਰੇ ਮਾਸਟਰਾਂ ਨੇ ਗਧੀ ਵਾਲੇ ਵਲ ਗਹੁ ਨਾਲ ਵੇਖਿਆ ਤੇ ਅਕਾਰਨ ਈ ਹਿੜ-ਹਿੜ ਕਰਦੇ ਹਸਣ ਲਗ ਪਏ।

'ਇਹ ਤਾਂ ਜੀ ਐਂ ਹੀਰ ਦੀਆਂ ਲਾਉਂਦਾ ਆਉਂਦੈ ਜਿਵੇਂ ਜੰਨ ਜਾ ਕੇ ਆਇਆ ਹੁੰਦੈ।' ਇਕ ਨਾਭੀ ਪੱਗ ਵਾਲੇ ਨੇ, ਵਡੇ ਮਾਸਟਰ ਦੀ ਅਧ-ਮੀਚੀ ਸੱਜੀ ਅੱਖ ਵਲ ਝਾਕ ਕੇ ਕਿਹਾ ਤੇ ਫੇਰ ਕੁਝ ਚਿਰ ਉਹਦੀ ਅੱਖ ਵਲ ਹੀ ਝਾਕਦਾ ਰਿਹਾ; ਪਰ ਉਹ 'ਅੱਖ' ਕਿਸ ਵਲ ਨਹੀਂ, ਗਧੀ ਵਾਲੇ ਉਤੇ ਆਪਣੀਆਂ 'ਬਖ਼ਸ਼ਿਸ਼ਾਂ' ਸੁਟ

'ਪੈਸੇ ਚੰਗੇ ਬੱਟ ਲੈ ਹੋਣੇ ਨੇ।' ਇਕ ਹੋਰ ਨੇ ਆਖਿਆ।

'ਪੈਸਿਆਂ ਨੂੰ ਕਿਆ ਇਹ ਮੁਸ਼ਕ-ਕਪੂਰ ਵੇਚਦਾ ਇਆ; ਇਹ ਲੋਕ ਓਦਾਂ ਈ ਹਾਲ-ਮਸਤ ਹੁੰਦੇ ਉਆ।'

ਤੇ ਅਕਾਰਨ ਈ ਫੇਰ ਸਾਰੇ ਹਸ ਪਏ।

ਜਦੋਂ ਗਧੀ ਵਾਲਾ ਨੇੜੇ ਆਇਆ ਤਾਂ ਵਡੇ ਮਾਸਟਰ ਨੇ ਉਚੀ ਸਾਰੀ ਬੋਲ ਮਾਰ ਕੇ ਪੁਛਿਆ, 'ਤੇਰੇ ਕੋਲ ਕਿਆ ਆ ਬਈ ਜੁਆਨਾ ?'

'ਜੁਆਨਾ' ਸ਼ਬਦ ਸੁਣ ਕੇ ਗਧੀ ਵਾਲੇ ਨੇ ਗਧੀ ਦਾ 'ਲਗਾਮ' ਖਿਚ ਕੇ ਤੇ ਚੁੰਨ੍ਹੀਆਂ ਅਖਾਂ ਜ਼ੋਰ ਲਾ ਕੇ ਉਘੇੜਦਿਆਂ ਹੈਰਾਨੀ ਨਾਲ ਉਹਨਾਂ ਵਲ ਵੇਖਿਆ ਤੇ ਫੇਰ ਆਪਣੇ ਕਰੇੜੇ-ਦੰਦ, ਸਣੇ ਉਤਲੇ ਸਮੂੜੇ ਦੇ ਨੰਗੇ ਕਰਕੇ ਮੁਸਕਰਾਂਦਿਆਂ, ਗਜਵੇਂ ਬੋਲ 'ਚ ਉਸ ਨੂੰ ਪੁਛਿਆ, 'ਮੈਨੂੰ ਕੁਸ਼ ਆਖਿਐ 'ਬਿਰਧੋ' ?'

ਵਡਾ ਮਾਸਟਰ ਉਹਦਾ ਅਜਿਹਾ ਗੁੱਝਾ ਜੁਆਬ ਸੁਣ ਕੇ ਉਚੀ ਸਾਰੀ ਦੱਬਾ ਹਾਸਾ ਹਸਿਆ ਤੇ ਹਸਦਿਆਂ ਹਸਦਿਆਂ, ਦਬਵੇਂ ਬੋਲ ਵਿਚ ਨਾਲ ਦਿਆਂ ਵਲ ਮੂੰਹ ਕਰਕੇ ਬੋਲਿਆ 'ਬੰਦਾ ਤਾਂ ਸ਼ੌਕੀਨ ਲਗਦਾ ਉਆ।' ਨਾਲ ਦੀ ਨਾਲ ਉਚੀ ਸਾਰੀ ਗਧੀ ਵਾਲੇ ਨੂੰ ਕਹਿ ਦਿਤਾ—'ਆਹੋ ਤੈਨੂੰ ਈ ਆਖਿਆ ਉਆ 'ਬਜ਼ੁਰਗਾ'! ਕੀ ਵੇਚਦਾ ਉਆਂ ?'

ਪਰ ਗਧੀ ਵਾਲਾ ਅਗੋਂ ਨਹੀਂ ਬੋਲਿਆ। ਉਹ ਕਾਹਲਾ ਕਾਹਲਾ ਗਧੀ ਨੂੰ ਇੰਜ ਕੁਝ ਕਹਿਣ ਲਗ ਪਿਆ ਜਿਵੇਂ ਉਹਦੇ ਨਾਲ ਗੱਲੀਂ ਲਗ ਗਿਆ ਹੋਵੇ (ਉਹ ਏਧਰ ਮੁੜਦੀ ਨਹੀਂ ਸੀ)। ਦੋ ਕੁ ਟੁਟਵੇਂ ਸ਼ਬਦ ਉਹਨਾਂ ਨੂੰ ਵੀ ਸੁਣੇ—'ਕਦੀ ਨੀ...ਕੋਈ 'ਘਰ-ਦੇ' ਈ ਬੰਦੇ ਐ...!' ਤੇ ਲਗਾਮ ਧੂੰਦਾ ਉਹ ਗਧੀ ਏਧਰ ਖਿਚਣ ਲਗ ਪਿਆ।

'ਬੰਦਾ ਤਾਂ ਖਾਸਾ ਦਿਲਚਸਪ ਉਆ ਬਈ ਓਦਾਂ', ਵਡੇ ਮਾਸਟਰ ਨੇ ਪਹਿਲਾਂ ਵਾਂਗ ਈ ਹਸਦਿਆਂ ਆਖਿਆ ਤੇ ਉਹਦੇ ਨਾਲ ਈ ਬਾਕੀ ਸਾਰੇ ਵੀ, ਪਹਿਲਾਂ ਵਾਂਗ, ਅਕਾਰਨ ਈ ਹੱਸ ਪਏ।

ਗਧੀ ਵਾਲੇ ਨੇ ਬੁਸ਼ਕਾਰ ਕੇ ਗਧੀ ਉਹਨਾਂ ਦੇ ਕੋਲ ਲੈ ਆਂਦੀ। ਉਹ ਆਉਂਦਿਆਂ ਆਪਣੇ ਕਰੇੜੇ ਦੰਦ ਸਣੇ ਸਮੂੜੇ ਨੰਗੇ ਕਰੀਂ ਆ ਰਿਹਾ ਸੀ। ਪਿੰਡ ਵਿਚ ਜਿਹੜੇ ਗਾਜਰਾਂ ਵੇਚਣ ਵਾਲੇ ਆਉਂਦੇ ਸਨ ਉਹਨਾਂ ਸਭ ਨਾਲੋਂ

ਇਹਦੀ ਸ਼ਕਲ ਵਖਰੀ ਤੇ ਅਜੀਬ ਸੀ। ਲੰਮਾ ਕੱਦ, ਮੋਟੇ ਮੋਟੇ ਹੱਡ ਤੇ ਹੱਥ-ਪੈਰ; ਚਪਟਾ ਚਿਹਰਾ ਤੇ ਚੀਨਿਆਂ ਵਰਗਾ ਨੱਕ—ਉੱਕਾ ਕੌਡੀ ਕੁ ਜਿੰਨਾ; ਦਾਹੜੀ ਕਰੜੀ ਬਰੜੀ ਤੇ ਖ਼ਿਚੜੀ-ਪੁਲਰੀ ਸੀ। ਸਿਰ ਉਤੇ ਦੋ ਕੁ ਗਿੱਠਾਂ ਦਾ ਮੈਲਾ, ਲੀਰਾਂ ਹੋਇਆ ਸਾਫ਼ਾ ਉਂਜ ਹੀ ਵਲੇਟਿਆ ਹੋਇਆ ਤੇ ਲੜ ਦੀਆਂ ਕਈ ਲੀਰਾਂ ਭੂੰਬਲਾਂ ਵਾਂਗ, ਉਹਦੇ ਖੱਬੇ ਕੰਨ ਤੇ ਗਿੱਚੀ ਕੋਲ ਲੰਮਕਦੀਆਂ ਸਨ। ਉਹਦੀ 'ਪੱਗ' ਹੇਠੋਂ ਉਹਦਾ ਗਿੱਠ ਚੌੜਾ ਮੱਥਾ ਭਰਤ ਦੇ ਗੜਵੇ ਵਾਂਗ ਲਿਸ਼ਕਦਾ ਸੀ; ਨਾ ਕੋਈ ਤਿਊੜੀ, ਨਾ ਤਾਲੂਏ ਤਕ ਕੋਈ ਵਾਲ ਤੇ ਸੂਰਜ ਸਾਹਮਣਾ ਹੋਣ ਕਰ ਕੇ ਇਹਦੀ 'ਚਲਕੋਰ' ਜਿਹੀ ਵੀ ਪੈਂਦੀ ਸੀ।

'ਕੀ ਚਾਹੀਦੈ ਥੋਨੂੰ ?' ਉਸ ਜਟਕੀ ਬੋਲੀ ਵਿਚ ਮਾਸਟਰਾਂ ਦੇ ਨੇੜੇ ਆਉਂ-ਦਿਆਂ ਤੇ ਮੁਸਕਰਾਂਦਿਆਂ ਪੁਛਿਆ।

'ਲਿਆ ਪਹਿਲਾਂ ਦੇਖੀਏ ਤੇਰੇ ਕੋਲ ਕਿਆ ਇਆ।' ਗਧੀ ਦੇ ਨੇੜੇ ਹੋ ਕੇ ਵੱਜੋਵੱਤੀ ਅੱਖ ਲਿਸ਼ਕਾਂਦਿਆਂ ਤੇ ਆਪਣਾ ਕੰਬਲ ਸੂਤ ਕਰਦਿਆਂ ਵਡੇ ਮਾਸਟਰ ਨੇ ਬੋਰੇ ਦੇ ਦੋਹੀਂ ਪਾਸੀਂ ਹੱਥ ਮਾਰਿਆ ਤੇ ਇਕ ਪਾਸਿਓਂ ਲੱਪ ਕੁ ਆਉਲੇ ਕੱਢ ਕੇ, ਨਾਲ ਇਕ ਮਾਸਟਰ ਨੂੰ ਵਿਖਾਂਦਿਆਂ ਬੋਲਿਆ, 'ਔਲੇ ਤਾਂ ਐਸੇ ਵੈਸੇ ਈ ਉਆ ਪਰ ਅਚਾਰ ਲਈ ਕੀ ਕਹਿੰਦੇ ਇਆ—ਹੈਂ ਜੀ ?'

'ਆਹੋ ਜੀ !' ਨਾਲ ਦੇ ਨੇ ਗਧੀ ਵਾਲੇ ਦੀ ਅਜੀਬ ਸ਼ਕਲ ਵਲ ਈ ਧਿਆਨ ਗਡੀਂ ਬੇ-ਪਰਵਾਹੀ ਜਿਹੀ ਨਾਲ ਆਖ ਦਿਤਾ। ਉਸ ਵਾਂਗ ਈ ਬਾਕੀ ਸਾਰਿਆਂ ਦਾ ਧਿਆਨ ਵੀ ਔਲਿਆਂ ਤੇ ਗਾਜਰਾਂ ਨਾਲੋਂ ਗਧੀ ਵਾਲੇ ਦੀ ਸ਼ਕਲ-ਸੂਰਤ ਵਲ ਵਧੇਰੇ ਸੀ ਤੇ ਸਾਰੇ ਇਕ ਦੂਜੇ ਨਾਲ ਅਖਾਂ ਅਖਾਂ ਵਿਚ ਗੱਲਾਂ ਕਰਦੇ ਮੁਸਕਰਾ ਰਹੇ ਸਨ।

'ਹਲਾ ਫੇਰ ਕਿੱਦਾਂ ਦੇਣੇ ਉਆ ?' ਵਡੇ ਮਾਸਟਰ ਨੇ ਨੀਵੀਂ ਪਾਈਂ, ਓਵੇਂ ਆਉਲੇ ਫਰੋਲਦਿਆਂ ਪੁਛਿਆ।

'ਅਠਿਆਨੀ ਸੇਰ, ਚੁਆਨੀ ਦੇ 'ਧਸੇਰ, ਦੁਆਨੀ ਪਾਈਆ।' ਗਧੀ ਵਾਲੇ ਨੇ ਮੁਸਕਰਾਂਦਿਆਂ, ਖਾਸ ਲੈ ਨਾਲ ਕਿਹਾ।

'ਵਾਹ ਬਈ ਵਾਹ !' ਇਕ ਤਤੇ-ਨੱਕਾ, ਲੰਮ-ਸਲੰਮਾ, ਭੀਖ ਜਿਹਾ ਮਾਸਟਰ, ਆਪਣੀਆਂ ਡੱਡੂ ਵਰਗੀਆਂ ਅੱਖਾਂ ਨੂੰ ਜ਼ੋਰ ਲਾ ਕੇ ਉਘੇੜਦਿਆਂ, ਨਿੱਕਾ ਜਿਹਾ ਠਹਾਕਾ ਮਾਰ ਕੇ ਹਸਦਿਆਂ ਬੋਲਿਆ, ਇਹ ਤਾਂ ਦਵੀ ਵੀ ਲਗਦੇ !'

'ਦਵੀ ਦਵੀਡਰ ਦਾ ਤਾਂ ਪਤਾ ਨੀਂ, ਪੜ੍ਹਿਆ ਦੋਹੇ ਸਾਰਿਆਂ ਨਾਲੋਂ ਬਹੁਤੈਂ !'

'ਕਿੰਨਾ ਕੁ—ਕੈ ਜਮਾਤਾਂ ?

'ਸਾਰੀਆਂ ਤੇਰਾਂ !'

ਸਾਰੇ ਫੇਰ ਹੱਸ ਪਏ। ਜਦੋਂ ਗਧੀ ਵਾਲਾ ਬੋਲਦਾ ਸੀ ਤਾਂ ਉਹਦੀਆਂ ਅਖਾਂ ਉੱਕਾ ਨਹੀਂ ਸਨ ਦਿਸਦੀਆਂ ਤੇ ਲਟੇ ਉਤਲੇ ਮਸੂੜੇ, ਦੰਦ ਖੰਘਣੀਆਂ ਮੁੱਛਾਂ ਵਿਚੋਂ ਵੀ ਨੰਗੇ ਹੋ ਜਾਂਦੇ ਸਨ। ਉਹਨਾਂ ਨੂੰ ਉਹਦੀ ਇਹ ਹਰਕਤ ਬੜੀ ਹਸਾਉਣੀ ਲਗਦੀ



ਸੀ। ਬਾਕੀ ਸਾਰੇ ਤਾਂ ਉਸ ਵਲ ਝਾਕ ਝਾਕ ਮੁਸਕਰਾਈ ਜਾਂਦੇ ਸਨ ਪਰ ਵੱਡਾ ਮਾਸਟਰ ਆਉਲਿਆਂ ਦੀ ਫੋਲਾ-ਫਾਲੀ ਵਿਚ ਏਨਾ ਰੁਝ ਗਿਆ ਸੀ ਕਿ ਉਹਨੂੰ ਹੋਰ ਕਿਸੇ ਗਲ ਦਾ ਧਿਆਨ ਈ ਨਹੀਂ ਸੀ ਰਿਹਾ।

'ਫ਼ੇਰ ਠੀਕ ਠੀਕ ਕੀ ਭਾਅ ਦੇਣੇ ਉਆ ?' ਓਵੇਂ ਆਉਲੇ ਫਰੋਲਦਿਆਂ ਤੇ ਵਿਚੋਂ ਇਕ ਦਾਗੀ ਆਉਲਾ ਬੋਰੇ ਦੇ ਖੂੰਜੇ ਤੁੰਨਦਿਆਂ ਵੱਜੋਵੱਤੀ ਅੱਖ ਰਤਾ ਉਤਾਂਹ ਵਲ ਲਿਸ਼ਕਾ ਕੇ ਉਸ ਪੁਛਿਆ, ਤੇ ਚੋਰ-ਅੱਖ ਗਧੀ ਵਾਲੇ ਵਲ ਝਾਕ ਗਿਆ।

'ਠੀਕ ਠੀਕ ਨੂੰ ਆਪਾਂ ਕੀ ਟਾਹਲੀ ਦਾ ਸੌਦਾ ਕਰਨੈਂ', ਹਸਦਿਆਂ ਈ ਗਧੀ ਵਾਲੇ ਨੇ ਆਖਿਆ, 'ਜੇ ਮਹਿੰਗੇ ਲਗਦੇ ਐ ਤਾਂ ਭਾਮੇਂ 'ਐਮੇਂ ਸੇਰ' ਈ ਲੈ ਲੈ।'

'ਵਾਹ ਬਈ ਵਾਹ !' ਤਤੇ-ਨੱਕੇ ਨੇ ਵਰਾਛਾਂ ਕੰਨਾਂ ਤਾਂਈ ਖਿਲਾਰਦਿਆਂ ਕਿਹਾ, 'ਇਹ ਤਾਂ ਉਂ ਵੀ ਰਾਠ ਈ ਬੰਦੇ !'

'ਹੋਰ ਜੁਆਲੇ ਨੇ ਕਿਹੜਾ ਸ਼ਾਹ ਹੋ ਜਾਣੈ।' ਤੇ ਗਧੀ ਵਾਲੇ ਨੇ ਆਪਣੇ ਨਵੇਂ ਸੁਆਏ ਖਾਖੀ ਜੀਨ ਦੇ ਕੁੜਤੇ ਦੇ ਬਿਨਾਂ ਬਟਣਾਂ ਵਾਲੇ ਗਲਮੇ ਵਿਚ ਹੱਥ ਪਾ ਕੇ ਆਖਿਆ, 'ਤੂੰ ਲੈਣੇ ਕਿੰਨੇ ਐਂ ?'

ਵੱਡੇ ਮਾਸਟਰ ਨੇ ਰਤਾ ਹੈਰਾਨੀ ਨਾਲ ਉਤਾਂਹ ਸਿਰ ਚੁਕ ਕੇ ਗਧੀ ਵਾਲੇ ਵਲ ਗਹੁ ਨਾਲ ਵੇਖਿਆ, ਤੇ ਫੇਰ ਆਪਣੀ ਅਧ-ਮੀਟੀ ਅਖ ਨੂੰ ਜ਼ੋਰ ਲਾ ਕੇ ਖੋਹਲਦਿਆਂ ਨੱਕ ਦਾ ਸੜ੍ਹਾਕਾ ਮਾਰ ਕੇ ਮੁਸਕਰਾ ਪਿਆ।

'ਲੈ ਲਮਾਂਗੇ ਦੋ ਕੁ ਕਿਲੋ।'

'ਬੱਸ !' ਦੂਜੇ ਪਾਸੇ ਦੇ ਬੋਰੇ ਵਿਚੋਂ ਤੱਕੜੀ ਚੁਕਦਿਆਂ ਤੇ ਕੁੜਤੇ ਦੀ ਅੰਦ-ਰਲੀ ਜੇਬ ਵਿਚੋਂ ਸੇਰ ਦਾ ਵੱਟਾ ਕਢ ਕੇ, ਪਾਲੜੇ 'ਚ ਪਾਉਂਦਿਆਂ ਗਧੀ ਵਾਲੇ ਨੇ ਆਖਿਆ, 'ਐਡੇ ਐਡੇ ਤੁਸੀਂ ਮਾਛਟਰ !...ਸੇਰ ਸੇਰ ਆਉਲੇ ਤਾਂ ਤੁਸੀਂ ਕੱਚੇ ਖਾ ਜੌਂ !'

'ਵਾਹ ਬਈ ਵਾਹ ! ਭੇਖੀਂ ਨਾ ਬਈ ਇਹਦੇ ਵੱਟੇ ਰਖਣ ਵਾਲਾ ਥਾਂ ਵਧੀਐ।' ਤਤੇ-ਨੱਕੇ ਨੇ ਉਹਦੀ ਗੱਲ ਅਣਗੌਲੀ ਕਰਦਿਆਂ ਕਿਹਾ।

ਪਰ ਵੱਡਾ ਮਾਸਟਰ ਉਹਨਾਂ ਦੀਆਂ ਗੱਲਾਂ ਵਲ ਧਿਆਨ ਕੀਤੇ ਬਿਨਾਂ ਛੇਤੀ ਛੇਤੀ, ਪਾਲੜੇ ਵਿਚ ਆਉਲੇ ਪਾਉਣ ਲਗ ਪਿਆ। ਪਰ ਪਾਲੜੇ ਵਿਚ ਸੁਟਣ ਤੋਂ ਪਹਿਲਾਂ ਉਹ ਮੁਠ ਕੁ ਆਉਲੇ ਤਲੀ ਉਤੇ ਖਿਲਾਰ ਲੈਂਦਾ ਤੇ ਦਾਗੀ ਕਢਕੇ ਮੁੜ ਬੋਰੇ ਵਿਚ ਸੁਟੀ ਜਾਂਦਾ। ਗਧੀ ਵਾਲਾ, ਭਿੰਦ ਕੁ ਮੁਸਕਰਾਂਦਿਆਂ ਉਸ ਵਲ ਵੇਖੀ ਗਿਆ ਪਰ ਬੋਲਿਆ ਕੁਝ ਨਾ। ਵੱਡਾ ਮਾਸਟਰ ਕਾਹਲੀ ਕਾਹਲੀ ਦਾਗੀ ਆਉਲੇ ਬੋਰੇ ਵਿਚ ਇਉਂ ਸੁਟੀ ਜਾਂਦਾ ਸੀ ਜਿਵੇਂ 'ਕਾਣੀ ਚਿੜੀ ਤੂਤੜੇ 'ਚੋਂ ਬਾਜਰਾ ਚੁਗਦੀ ਹੋਵੇ !'—ਇਹ ਗਲ ਸੋਚ ਕੇ ਗਧੀ ਵਾਲੇ ਦੀ ਰਤਾ ਕੁ ਹਾਸੀ ਨਿਕਲ ਗਈ।

'ਹੁਣ ਤਾਂ ਮੈਂ ਨ੍ਹੀਂ ਜਾਣਦਾ ਇਹ ਸਸਤੇ ਹੋ ਜਾਣਗੇ, ਤੇਰੇ ਚੁਗੇ ਤੋਂ !' ਗਧੀ ਵਾਲੇ ਨੇ ਜਟਕੇ ਵਿਅੰਗ ਨਾਲ, ਹਸਦਿਆਂ ਹਸਦਿਆਂ ਆਖਿਆ।

'ਉਇ ਤੈਨੂੰ ਬੋਲਣ ਦੀ ਤਮੀਜ਼ ਵੀ ਹੈ ਕੁਛ ?' ਨਾਸਾਂ ਫੁਲਾ ਕੇ ਇਕ ਮਾਸਟਰ ਨੇ ਗਧੀ ਵਾਲੇ ਨੂੰ ਘੁਰਕਿਆ। ਇਹ ਮਾਸਟਰ ਪਹਿਲੀ ਵਾਰੀ ਈ ਬੋਲਿਆ ਸੀ। ਹੁਣ ਤਕ ਇਹ ਬਾਕੀਆਂ ਕੋਲੋਂ ਦੂਰ ਹੋ ਕੇ ਖੜੋਤਾ, ਗਧੀ ਵਾਲੇ ਤੇ ਬਾਕੀ ਮਾਸਟਰਾਂ ਵਲ ਇਉਂ ਵੇਖਦਾ ਰਿਹਾ ਸੀ ਜਿਵੇਂ ਉਹਨਾਂ ਦਾ, ਇਸ 'ਜਾਹਲ' ਆਦਮੀ ਨਾਲ ਬੋਲਣਾ ਉਹਨੂੰ ਜਹਾਲਤ ਭਰੀ 'ਹਰਕਤ' ਜਾਪੀ ਹੋਵੇ। ਏਸ ਮਾਸਟਰ ਨੇ ਉਤੇ ਤਾਂ ਬੜੀ ਕੀਮਤੀ, ਗਰਮ ਚਾਦਰ ਲਈ ਹੋਈ ਸੀ, ਪਰ ਪੈਰੀਂ ਪਾਟੇ ਹੋਏ ਕਪੜੇ ਦੇ ਮੈਲੇ ਬੂਟ ਪਾਏ ਹੋਏ ਸਨ ਤੇ ਪਜਾਮੇ ਦੇ ਸਜੇ ਪੌਂਚੇ ਦੀ ਲੰਗਾਰ ਹੋਈ ਕੰਨੀ ਨੂੰ ਗੰਢ ਦੇ ਕੇ ਬੰਨ੍ਹਿਆ ਹੋਇਆ ਸੀ। ਜਦੋਂ ਨਿਕੀਆਂ ਤੇ ਲਾਲ ਲਾਲ ਅਖਾਂ ਕਢ ਕੇ ਉਸ ਗਧੀ ਵਾਲੇ ਨੂੰ ਘੂਰਿਆ ਤਾਂ ਉਹਦੇ ਚਾਪੜ ਵਰਗੇ ਚੋੜੇ ਚਿਹਰੇ ਉਤੇ, ਕੁੱਢੇ, ਚੌੜੇ ਨੱਕ ਦੇ ਨਥਨੇ, ਅਜੀਬ ਤਰ੍ਹਾਂ ਫੁੱਲੇ; ਤੇ ਗਧੀ ਵਾਲੇ ਨੂੰ ਉਹਦੀ ਸ਼ਕਲ ਈ ਵੇਖ ਕੇ ਮੱਲੋਮੱਲੀ ਫੇਰ ਹਾਸੀ ਆ ਗਈ।

'ਬੋਲਣ ਦੀ ਤਮੀਜ਼ ਨੂੰ ਮੈਥੋਂ ਕੀ ਗਧੀ ਮਰ-ਗੀ, ਜਾਰ ?' ਗਧੀ ਵਾਲੇ ਨੇ ਓਵੇਂ ਮੁਸਕਰਾਂਦਿਆਂ ਉਤਰ ਦਿਤਾ, 'ਤੂੰ ਤਾਂ ਐਂ ਕਰਦੈਂ ਜਿਮੇਂ ਆਸੀਂ ਵਡੇ ਬੰਦੇ ਨ੍ਹੀਂ ਵੇਖੇ ਹੁੰਦੇ ! ..ਐਮੇਂ ਨਾ ਸਮਝੀਂ ਬਈ ਠੁਕਰ-ਜ਼ਿਆ ਬੰਦਾ ਗਧੀ ਤੇ ਗਾਜਰਾਂ ਵੇਚਦਾ ਫਿਰਦੈ—ਜਿਹੜੇ ਗੁਣ ਮੇਰੇ 'ਚ ਐ ਥੋੜੇ 'ਚੋਂ ਕਿਸੇ 'ਚ ਉਹਨਾਂ ਦਾ ਨਮੂਨਾ ਬੀ ਨੀ ਹੋਣਾ !...ਬਣੇ ਤਾਂ ਫਿਰਦੇ ਓਂ ਬੜੇ ਮਾਹਟਰ !'

ਬੋਲਦਿਆਂ ਗਧੀ ਵਾਲੇ ਦੇ ਚਿਹਰੇ ਉਤੇ ਕੋਈ ਉਤਰਾ-ਚੜ੍ਹਾ ਨਹੀਂ ਸੀ ਆਇਆ। ਉਹ ਇੰਜ ਬੋਲੀ ਗਿਆ ਜਿਵੇਂ ਗਲੀ ਦੇ ਨਿਆਣਿਆਂ ਨਾਲ ਗੱਲਾਂ ਕਰਦਾ ਹੋਵੇ। ਕਿਸੇ ਮਾਸਟਰ ਦੀ ਉਹਨੂੰ ਟੋਕਣ ਦੀ ਹਿੰਮਤ ਈ ਫੇਰ ਜਿਵੇਂ ਨਾ ਪਈ। ਬੋਲਦਿਆਂ ਬੋਲਦਿਆਂ ਵਿਚੋਂ ਉਹ ਚਾਣਚਕ ਕਵੀਸ਼ਰੀ ਕਰਨ ਲਗ ਪਿਆ ਤੇ ਕਿੰਨਾਂ ਚਿਰ ਪਿਛਲੇ ਦਿਨੀਂ ਹੋ ਰਹੀ ਲੜਾਈ ਬਾਰੇ, ਬੜੀ ਰੌਚਕ ਕਵਿਤਾ, ਕੋਰੜੇ ਛੰਦ 'ਚ ਸੁਣਾਈ ਗਿਆ। ਤੇ ਕੰਨ ਉਤੋਂ ਹੱਥ ਚੁਕ ਕੇ ਜਦੋਂ ਉਸ ਤੋੜਾ ਝਾੜਿਆ ਤਾਂ ਬਿਨਾਂ ਵੱਡੇ ਮਾਸਟਰ ਤੋਂ ਸਾਰੇ ਉਹਦੇ ਮੂੰਹ ਵਲ ਵਹਿੰਦੇ ਰਹਿ ਗਏ।

'ਛਾਮ ਸਿੰਘ ਹੈ ਤੇਰਾ ਬਰਦਾ,  
ਔਲੇ ਵੇਚ ਗਜਾਰਾ ਕਰਦਾ।  
ਰਖਣਾ ਦਾਸ ਕੀ ਲਾਜ ਕੋ,  
ਲਖ ਲਖ ਨਿਮਸਕਾਰ ਹੈ ਦਾਤਾ !  
ਤੇਰੇ ਨੌਲੱਖੇ ਤਾਜ ਕੋ।'

'ਵਾਹ ਬਈ ਵਾਹ !' ਤੋਤੇ-ਨੱਕੇ ਨੇ ਕਿਹਾ, 'ਇਹ ਤਾਂ ਕਮਾਲਾਂ ਈ ਕਰਦੈ !'

'ਲੈ ਤੋਲ ਬਈ—ਪੂਰੇ ਹੋ ਗਏ ਉਆ ?' ਤਕੜੀ ਦੀ ਡੰਡੀ ਵਲ ਅਖ ਲਿਸ਼ਕਾਂਦਿਆਂ ਵੱਡੇ ਮਾਸਟਰ ਨੇ ਇਉਂ ਆਖਿਆ ਜਿਵੇਂ ਉਹਨੂੰ ਨਾ ਗਧੀ ਵਾਲੇ ਦੀ ਕਵੀਸ਼ਰੀ ਸੁਣੀਂ ਸੀ ਤੇ ਨਾ ਦੂਜੇ ਮਾਸਟਰਾਂ ਦੀ ਕੋਈ ਹੋਰ ਗੱਲ (ਭਾਵੇਂ ਦਾਗ਼ੀ ਆਉਲੇ ਚੁਗਦਿਆਂ ਉਸ ਵਿਚੋਂ ਦੀ ਕਈ ਵਾਰੀ ਤੋਤੇ-ਨੱਕੇ ਵਾਂਗ 'ਵਾਹ ਬਈ ਵਾਹ' ਰੀਸੋ ਰੀਸੀ ਜ਼ਰੂਰ ਆਖਿਆ ਸੀ)।

ਪਰ ਸ਼ਾਮ ਸਿੰਘ ਨੇ ਇਕ ਹੋਰ ਕਵਿਤਾ ਛੋਹ ਲਈ ਸੀ ਜਿਸਦੀ ਟੇਕ ਸੀ,—

'ਡੂਢ ਪਾ ਜਲੇਬੀਆਂ ਧੱਪੇ ਦਾ ਗੁੱਟ ਜੀ।'

'ਸਾਡੇ ਲਿਵੇ ਬੀ ਏਹੋ ਜਿਆ ਇਕ ਹੁੰਦਾ 'ਤੀ ਜੀ। ਉਹਦੀ ਸ਼ਕਲ ਬੀ ਜਮਾ ਇਸ ਮੰਗਣ ਈ ਤੀ !' ਕਵਿਤਾ ਦੇ ਰੌਲੇ ਵਿਚ, ਹੁਣ ਤਕ ਚੁਪ ਖੜੋਤਾ, ਬੱਗੀਆਂ ਬੱਗੀਆਂ ਅਖਾਂ ਵਾਲਾ ਇਕ ਸੁਕੜੂ ਮਾਸਟਰ, ਤੋਤੇ-ਨੱਕੇ ਨੂੰ ਇਉਂ ਹੌਲੀ ਹੌਲੀ ਦੱਸਣ ਲਗ ਪਿਆ ਜਿਵੇਂ ਕਿਸੇ ਦੀ ਚੁਗਲੀ ਕਰਦਾ ਹੋਵੇ। ਬੋਲਦਿਆਂ ਉਹ ਅਲ੍ਹੜ ਕੁੜੀਆਂ ਵਾਂਗ ਸੰਗਦਾ ਜਾਪਦਾ ਸੀ। 'ਤੂੰ ਹੋਰ ਵੇਖ, ਇਸ ਮੰਗ ਉਹ ਕਿਬਤਾ ਬੀ ਕਰਦਾ ਹੁੰਦਾ 'ਤੀ...ਜਮਾ ਈ ਇਹਦਾ ਭਰਾ ਤੀ—ਭੋਰਾ ਫ਼ਰਕ ਨੀ ਤੀ।'

'ਪਰ ਉਹਨੂੰ ਮੇਰੇ ਤੇ ਥੋਡੇ ਦੋਹਾਂ ਬਰਗੀ ਕਿਬਤਾ ਨ੍ਹੀਂ ਔਂਦੀ ਹੋਣੀ ਮਾਹਟਰਾ !' ਗਧੀ ਵਾਲੇ ਨੇ ਕਵਿਤਾ ਵਿਚੇ ਛੱਡ ਕੇ, ਹਸਦਿਆਂ ਕਿਹਾ 'ਤੁਸੀਂ ਤਾਂ ਨਾਲੇ ਕਿਬਤਾ ਸੁਣੀ ਜਾਨੇ ਓਂ ਨਾਲੇ ਗਾਜਰਾਂ ਚਕ ਚਕ ਖਾਈ ਜਾਨੇ ਓਂ ਮੁਖਤੋ-ਮੁਖਤੀ ਦੀਆਂ। ਚਾਰ ਪੈਸਿਆਂ ਦੀਆਂ ਗਾਜਰਾਂ ਪਿਛੇ ਤੁਸੀਂ ਐਡੇ ਐਡੇ ਬੰਦੇ ਐਂ ਕਰਦੇ ਚੰਗੇ ਲਗਦੇ ਓਂ ਜਾਰ ? !'

ਗਧੀ ਵਾਲੇ ਦੀ ਗੱਲ ਨਾਲ ਕੀਮਤੀ, ਗਰਮ ਚਾਦਰ ਵਾਲੇ ਮਾਸਟਰ ਤੋਂ ਬਿਨਾਂ ਬਾਕੀ ਸਾਰਿਆਂ ਦੇ ਚਿਹਰਿਆਂ ਉਤੇ ਪਲਾਤੀ ਜਿਹੀ ਸੰਗ ਆ ਗਈ। ਤੋਤੇ-ਨੱਕੇ ਨੇ ਗਾਜਰ ਦਾ ਬਚਿਆ ਬੂੰਡਾ ਮੂੰਹੋਂ ਕੱਢ ਕੇ ਪਰ੍ਹਾਂ ਵਗਾਹ ਮਾਰਿਆ ਤੇ ਦੰਦੀਆਂ ਕਢ ਕੇ ਹਸਣ ਲਗ ਪਿਆ। (ਪਰ ਵੱਡਾ ਮਾਸਟਰ ਅਜੇ ਵੀ ਨੀਝ ਲਾਕੇ ਤਕੜੀ ਦੇ ਪਾਲੜੇ ਵਿਚੋਂ, ਮਾੜੇ-ਮੋਟੇ ਗਲ੍ਹੇ, ਦਾਗ਼ੀ ਆਉਲੇ ਚੁਗੀ ਗਿਆ।)

'ਆਹ ਵੇਖ ਲੈ ਥੋਡਾ ਹਿੱਡ ਮਾਹਟਰ !' ਗਧੀ ਵਾਲੇ ਨੇ ਐਤਕੀਂ ਗੂੜ੍ਹੇ ਵਿਅੰਗ ਨਾਲ ਮੁਸਕਰਾਂਦਿਆਂ, ਬੜੇ ਹਸਾਉਣੇ ਲਹਿਜੇ ਵਿਚ ਕਿਹਾ, 'ਇਹ ਪਿਓ ਦਾ ਪੁੱਤ ਐਂ ਸਮਝਦੈ, ਬਈ ਮੇਰਾ ਮੌਕਾ ਲਗ ਗਿਆ, ਹੁਣ 'ਲੁਟ ਲੈ' 'ਗੁਰੂ ਕੀ ਮਾਰੀ' ਨੂੰ, ਜਿੰਨੀਂ ਲੁਟੀ ਦੀ ਐ ! ਇਹਦੇ ਚਿਤ 'ਚ ਐ ਬਈ ਗਧੀ ਆਲੇ ਦੀਆਂ ਅਖਾਂ ਤਾਂ ਹੈ ਈ ਨ੍ਹੀਂ, ਲਾ-ਲੈ ਦਾਅ !—ਪਰ ਕਮਲੇ ਨੂੰ ਐਨੀਂ ਨ੍ਹੀਂ ਆਉੜਦੀ ਬਈ ਦਾਅ ਨੂੰ ਤੂੰ ਕਿਹੜਾ ਚਾਂਦੀ ਦਾ ਕੁਸਤਾ ਖਰੀਦਣ ਲਗਿਐਂ। ਏਥੇ ਤਾਂ ਜੁਆਲੇ ਨੇ ਸ਼ਾਹ ਹੋਣਾ ਈ ਨ੍ਹੀਂ, ਤੂੰ ਆਵਦਾ ਰਾਂਝਾ ਰਾਜੀ ਕਰ ਲੈ। ਹੋਰ ਕਢ ਲੈ, ਹੋਰ ਕਢ ਲੈ...'

ਤੇ ਜਦੋਂ ਗਧੀ ਵਾਲਾ ਉਹਨਾਂ ਸਾਰਿਆਂ ਵਲ ਤਾਕ ਕੇ ਹੱਸਿਆ ਤਾਂ ਸਾਰੇ ਫੇਰ (ਬਿਨਾਂ ਕੀਮਤੀ ਚਾਦਰ ਵਾਲੇ ਤੋਂ) ਕੱਚੇ ਹੋ ਗਏ। ਓਸ ਓਵੇਂ ਈ ਹਸਦਿਆਂ ਫੇਰ ਕਿਹਾ, 'ਪਾ ਲੈ, ਪਾ ਲੈ, ਜੇਹੜੇ ਜੇ ਤੇਰਾ ਚਿੱਤ ਮਨਦੈ ਪਾ ਲੈ !...ਤੁਸੀਂ ਬੀ ਚੱਕ ਲੋ ਇੱਕੜੇ ਗਾਜਰਾਂ, ਜੇ ਹੋਰ ਤਕਣੀਐਂ ਤਾਂ। ਨਾਲੇ ਜੁਆਕਾਂ ਨੂੰ ਬੀ ਸੱਦ ਲੋ ਜੇਹੜੇ ਸੱਦੀਦੇ—ਓਹ ਬੀ ਚਾਰ ਚਾਰ ਖਾ ਲੈਣਗੇ ! ਛਾਮ ਜਿਓਂ ਅੱਜੇ ਸੂਤ

ਅਹਿਐ ਬੋਡੇ, ਫੇਰ ਖਬਰੇ…'

ਸਾਹਮਣੇ ਵਾਲੇ ਘਰ ਦੇ ਵਿਹੜੇ ਵਿਚ ਕੱਠੀਆਂ ਹੋਈਆਂ ਮਾਸਟਰਨੀਆਂ ਵੀ ਉਹਦੀਆਂ ਇਹ ਗੱਲਾਂ ਸੁਣ-ਸੁਣ, ਮੁਸਕੜੀਏਂ ਹੱਸ ਰਹੀਆਂ ਸਨ ।

'ਪੁੱਜੂ; ਰੱਖੇ !' ਓਵੇਂ ਆਊਲੇ ਚੁਗਦਿਆਂ ਈ ਵੱਡਾ ਮਾਸਟਰ ਉਚੀ ਉਚੀ ਆਵਾਜ਼ਾਂ ਦੇਣ ਲਗ ਪਿਆ ਸੀ, 'ਲਿਆਈਓ ਬਈ, ਵੱਡਾ ਬੋਲਾ ਲਿਆਇਓ ਏਥੋਂ ।'

'ਤੁਸੀ ਛੱਡੋ ਹੈਡ ਮਾ-ਸਾਬ੍ਹ !' ਘੂਰ ਕੇ, ਗਰਮ ਚਾਦਰ ਵਾਲੇ ਮਾਸਟਰ ਨੇ ਆਖਿਆ, 'ਇਹਨੂੰ ਤਾਂ ਬੋਲਣ ਦੀ ਤਮੀਜ਼ ਈ ਨ੍ਹੀਂ'—ਆਊਲੇ ਹੋਰ ਥਥੇਰੇ ਆ ਜਾਣਗੇ—ਇਹ ਕੋਈ ਬੰਦੇ ? !'

'ਕੋਈ ਨਹੀਂ, ਕੋਈ ਨਹੀਂ ਜੀ', ਅਗੋਂ ਵੱਡੇ ਮਾਸਟਰ ਨੇ ਓਵੇਂ ਆਊਲੇ ਫਰੋਲਦਿਆਂ, ਬਿਸ਼ਰਮ ਜਿਹੀ ਬੇਪ੍ਰਵਾਹੀ ਨਾਲ ਆਖਿਆ, 'ਏਦਾਂ ਈ ਹੁੰਦਾ ਉਆ, ਇਹਨਾਂ ਲੋਕਾਂ ਦਾ ਗੁੱਸਾ ਨਹੀਂ ਕਰੀਦਾ-ਇਹ ਕੀ ਗੱਲ ਉਆ…!'

'ਗੁਸਾ ਕਰਕੇ ਮੇਰਾ ਕੀ ਮੱਥਾ ਪੱਟ ਦੇਓਂਗੇ', ਗਧੀ ਵਾਲੇ ਨੇ ਉਸੇ ਰੌਂ ਵਿਚ, ਹਸਦਿਆਂ ਉਤਰ ਦਿਤਾ, 'ਹੋਰ ਕਿਸੇ ਨੇ ਐਂ ਥੋਨੂੰ ਨਾ ਆਊਲੇ ਚੁਗਣ ਦੇਣੇ ਸੀ ਨਾ ਚੋਰੀਓਂ ਚਕ ਚਕ ਗਾਜਰਾਂ ਜੁਆਕਾਂ ਦੀਆਂ ਜੇਬਾਂ 'ਚ ਪਾਉਣ ਦੇਣੀਆਂ ਸੀ । ਇਹ ਤਾਂ ਛਾਮ ਸਿਓਂ ਦਾ ਈ ਜੇਰੈ ਜਿਹੜਾ…' ਤੇ ਵਿਚੋਂ ਈ, ਸੇਰ ਦੇ ਨਵਾ ਸੇਰ ਆਊਲੇ ਤੋਲਦਿਆਂ ਉਸ ਕਿਹਾ, 'ਲੋ ਖੁਛ ਐਂ ਹੁਣ ਤਾਂ ਕਿ ਹੋਰ ਪਾਵਾਂ ?'

'ਤੇਰੇ ਨਿੱਕੇ ਨਿਆਣੇ ਕੇ ਉਆ ਬਈ ਸ਼ਾਮ ਸਿਆਂ ?' ਉਹਦੀ ਗੱਲ ਉੱਕਾ ਅਣਸੁਣੀ ਕਰਕੇ ਤੇ ਮੁੰਡੇ ਤੋਂ ਝੋਲਾ ਫੜ ਕੇ, ਉਸ ਵਿਚ ਆਊਲੇ ਪਾਉਂਦਿਆਂ ਵੱਡੇ ਮਾਸਟਰ ਨੇ ਆਖਿਆ 'ਲੈ ਬਸ ਸਾਨੂੰ ਤਾਂ ਇਕ ਕਿਲੋ ਈ ਬਹੁਤ ਉਆ…ਪਸਿਆਂ ਅਠਿਆਨੀ ਲਿਆ ਦਈਂ', ਡੱਬੀ ਵਿਚ ਪਈ ਹੋਣੀ ਉਆ ।'

'ਨਿਆਣੇ ਨਿਕੇ ਤਾਂ ਸੁਖ ਨਾਲ ਸੱਤ ਐ, ਪਰ ਥੋਡੇ ਆਂਗੂੰ ਮਰੂੰ ਮਰੂੰ ਫੇਰ ਵੀ ਨ੍ਹੀਂ ਕਦੇ ਕਰੀਦੀ—ਦੋ ਸੇਰ ਆਖ ਕੇ ਇਕ ਸੇਰ ਚੀਜ਼ ਕਦੇ ਨ੍ਹੀਂ ਲਈ !'

ਤੇ ਗਧੀ ਵਾਲਾ ਕੁੜਤੇ ਦੀ ਅੰਦਰਲੀ ਜੇਬ 'ਚ ਵੱਟਾ ਪਾਉਂਦਿਆਂ ਖੁਲ੍ਹ ਕੇ ਹੱਸ ਪਿਆ ।

'ਏਦਾਂ ਈ ਉਆ ਫੇਰ ਸ਼ਾਮ ਸਿਆਂ…'

'ਆਹੋ ਜੀ ਏਦਾਂ ਈ ਉਆ !' ਉਹਨੇ ਵਡੇ ਮਾਸਟਰ ਦੀ ਸਾਂਗ ਲਾਈ, 'ਦੂਜੇ ਸੇਰ 'ਚ ਆਊਲੇ ਜੋ ਦਾਗੀ ਆਉਣੇ ਸੀ !'

'ਲੈ ਤੂੰ ਅਠਿਆਨੀ ਫੜਕੇ ਤੁਰਦਾ ਬਣ ਹੁਣ ।' ਵਡੇ ਮਾਸਟਰ ਨੇ ਮੁੰਡੇ ਹੱਥੋਂ ਅਠਿਆਨੀ ਫੜ ਕੇ ਉਹਨੂੰ ਦਿੰਦਿਆਂ ਕਿਹਾ । ਉਹਦੇ ਬੋਲ ਵਿਚ ਹੁਣ ਕੁਝ ਤਲਖ਼ੀ ਆ ਗਈ ਜਾਪਦੀ ਸੀ ।

'ਤੁਰੂੰਗਾ ਈ, ਹੋਰ ਏਥੇ ਤਾਂ ਨ੍ਹੀਂ ਬੈਠਾ ਪਾਉਂਦਾ, ਥੋਡੀਆ 'ਕਲ੍ਹਨੀਆਂ' 'ਚ !' ਗਧੀ ਵਾਲੇ ਨੇ ਅਠਿਆਨੀ ਫੜ ਕੇ ਤੇ ਅੱਖਾਂ ਨਾਲ ਲਾ ਕੇ ਵਿੰਹਦਿਆਂ, ਪਹਿਲਾਂ ਨਾਲੋਂ ਵੀ ਖੁਲ੍ਹ-ਦਿਲੀ ਨਾਲ ਹਸਦਿਆਂ ਕਿਹਾ, 'ਹੈ ਇਹ ਖੋਟੀ ਤੇ ਕਿ ਭੁਲੇਖੇ 'ਚ ਖਰੀ ਦੇ 'ਤੀ ?'

'ਪੰਜਾਹ ਪੈਸਿਆਂ 'ਚ ਤਾਂ ਚੱਲ ਈ ਜਾਣੀਂ ਉਆ, ਅਕਵੰਜਾ ਕਿਸ ਨੇ ਤੈਨੂੰ ਦੇਣੇ ਨਈਂ ।'

'ਥੋਡੀ ਤਾਂ ਇਹ ਸੋਆਂ 'ਚ ਈ ਚਲਣੀ—ਮੇਰੀ ਚਾਹੇ ਪੰਜਾਹਾਂ 'ਚ ਚਲੇ ਚਾਹੇ ਪੰਜਾਂ 'ਚ, ਮੇਰੇ ਭਾਗ ।' ਗਧੀ ਵਾਲੇ ਨੇ ਗਧੀ ਨੂੰ ਬੁਚਕਾਰ ਮਾਰੀ ਤੇ ਲਗਾਮ ਫੜ ਕੇ ਤੁਰਦਿਆਂ ਇਕ ਕਵਿਤਾ, ਪਹਿਲਾਂ ਗੁਣਗੁਣਾਉਣ ਲਗ ਪਿਆ ਤੇ ਫੇਰ ਰਾਹ ਪੈਂਦਿਆਂ ਉੱਚੀ ਹੇਕ ਨਾਲ ਗਾਉਣੀ ਸ਼ੁਰੂ ਕਰ ਦਿਤੀ ।

'ਬੰਦਾ ਬੜਾ ਅਜੀਬ ਉਆ !'

'ਕਮਾਲ ਦਾ ਬੰਦੇ ਜੀ !' ਤੋਤੇ-ਨੱਕੇ ਨੇ ਕਿਹਾ, 'ਵਾਹ ਬਈ ਵਾਹ !…ਵੇਖੀਂ ਨਾ ਬਈ, ਕਮਾਲ ਹੋਗੀ ।'

ਪਤਾ ਨਹੀਂ ਗਧੀ ਵਾਲੇ ਦੀ ਜਾਂ ਤੋਤੇ-ਨੱਕੇ ਦੀ, ਗੱਲ ਸੁਣ ਕੇ ਕਈਆਂ ਝਗੀਆਂ ਅੱਖਾਂ ਵਾਲਾ ਘੜੀਸਵੀਂ ਹਾਸੀ ਹਸਿਆ ਤੇ ਫੇਰ ਸਾਰੇ ਗਧੀ ਵਾਲੇ ਵਲ ਵੇਖ ਵੇਖ ਅਕਾਰਨ ਹੀ ਹੱਸੀ ਗਏ (ਪਰ ਉਹਨਾਂ ਦੀ ਹਾਸੀ ਵੜੀ ਫੋਕੜ ਜਿਹੀ ਸੀ)। ਬਸ ਇਕ ਕੋਮਤੀ, ਗਰਮ ਚਾਦਰ ਵਾਲਾ ਈ ਖਿਝਿਆ ਤੇ ਔਖਿਆ ਲਗਦਾ ਸੀ; ਤੇ ਉਹਦੀਆਂ ਨਿਕੀਆਂ ਅੱਖਾਂ ਵਿਚੋਂ ਅਜੇ ਤਕ ਵੀ ਗੁੱਸੇ ਦੀ ਲਾਲੀ ਨਹੀਂ ਸੀ ਗਈ।

---


ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :

**'ਵਤਨੋਂ ਦੂਰ'**

P. O. BOX 1041

Coquitlam, B. C. Canada

# ਗ਼ਮਾਂ ਦੇ ਸਾਂਝੀ

(ਨਛੱਤਰ ਸਿੰਘ)

ਕਿਰਪਾਲ ਸਿੰਘ ਦੀ ਹਵੇਲੀ ਵਿਚ ਰੰਗ-ਰਲੀਆਂ ਚਲਦਿਆਂ ਨੂੰ ਅੱਜ ਪੰਜਵਾਂ ਦਿਨ ਸੀ। ਰੰਗ-ਰਲੀਆਂ ਵੀ ਕਿਉਂ ਨਾ ਮਨਾਈਆਂ ਜਾਂਦੀਆਂ ਇਹ ਕਿਹੜਾ ਛੋਟੀ ਮੋਟੀ ਗਲ ਆ। ਸਰਦਾਰ ਕਿਰਪਾਲ ਸਿੰਘ ਵਿਧਾਨ ਸਭਾ ਦੀਆਂ ਚੋਣਾਂ ਵਿਚ ਜਿੱਤ ਗਿਆ। ਜਿਤਿਆ ਉਹ ਪਹਿਲਾਂ ਵੀ ਕਈ ਵਾਰ ਸੀ ਪ੍ਰੰਤੂ ਇਸ ਸਾਲ ਕੁਝ ਹੋਰ ਹੀ ਗੱਲ ਸੀ। ਪਹਿਲਾਂ ਤਾਂ ਪਿੰਡ ਦੀ ਸਰਪੰਚੀ ਤੱਕ ਹੀ ਵਾਸਤਾ ਹੁੰਦਾ। ਪ੍ਰੰਤੂ ਇਲਾਕੇ ਦਾ ਐਮ.ਐਲ.ਏ. ਬਣਨਾ ਕਿਹੜਾ ਨਿੱਕੀ ਜਿਹੀ ਗੱਲ ਆ। ਸਾਰੇ ਇਲਾਕੇ ਵਿਚ ਧੁੰਮਾਂ ਪੈ ਗਈਆਂ ਸਨ ਜਦੋਂ ਲੋਕਾਂ ਨੇ ਉਸ ਦੇ ਜਿੱਤਣ ਦੀ ਖ਼ਬਰ ਸੁਣੀ।

ਸਰਦਾਰ ਦੀ ਇਹ ਹਵੇਲੀ ਪਿੰਡ ਤੋਂ ਜਰਾ ਤਿੰਨ ਚਾਰ ਫਰਲਾਂਗ ਦੇ ਫ਼ਾਸਲੇ ਤੇ ਹੈ ਸ਼ਾਇਦ ਇਹ ਇਸ ਨੂੰ ਏਹਦੇ ਬਜ਼ੁਰਗਾਂ ਤੋਂ ਵਿਰਸੇ 'ਚ ਮਿਲੀ ਹੋਵੇ। ਹਵੇਲੀ ਨੂੰ ਸਜ-ਵਿਆਹੀ ਮੁਟਿਆਰ ਵਾਂਗ ਸਜਾਇਆ ਗਿਆ ਹੈ। ਹਵੇਲੀ ਕਿਸੇ ਰਾਜ ਮਹੱਲ ਨਾਲੋਂ ਘਟ ਨਹੀਂ ਜਾਪਦੀ। ਇਸ ਦਾ ਸਿਰਫ਼ ਇਕੋ ਮੁੱਖ ਦਰਵਾਜ਼ਾ ਹੈ ਅਤੇ ਉਸ ਦਰਵਾਜ਼ੇ ਤੇ ਖੜ੍ਹਾ ਕਰਤਾਰਾ ਹੱਥ 'ਚ ਗੰਡਾਸਾ ਫੜੀ ਪਿੰਡ ਦੀ ਜੂਹ ਵਲ ਨੀਝ ਲਾਈ ਦੇਖ ਰਿਹਾ ਹੈ। ਸੂਰਜ ਸ਼ਾਇਦ ਸਾਰੇ ਦਿਨ ਦਾ ਥੱਕਿਆ ਹੋਣ ਕਰਕੇ ਆਪਣੀ ਮੰਜ਼ਲ ਤੇ ਪਹੁੰਚਣ ਲਈ ਕਾਹਲਾ ਹੈ। ਸ਼ਾਮ ਦੀ ਧੁੱਪ ਦਾ ਲਿਸ਼ਕਾਰਾ ਜਦੋਂ ਕੱਚੇ ਕੋਠਿਆਂ ਤੇ ਪਿਆ ਤਾਂ ਉਨ੍ਹਾਂ ਦੇ ਬਨੇਰੇ ਵੀ ਸੋਨੇ ਰੰਗੇ ਹੋ ਗਏ। ਸ਼ਾਇਦ ਉਹ ਵੀ ਕਿਰਪਾਲ ਸਿੰਘ ਦੇ ਜਿੱਤਣ ਤੇ ਖੁਸ਼ੀ ਪਰਗਟ ਕਰ ਰਹੇ ਹਨ।

ਪਿੰਡ ਵਲੋਂ ਇਕ ਅੱਧ-ਖੜ੍ਹ ਜਿਹੀ ਉਮਰ ਦਾ ਬੰਦਾ ਹਵੇਲੀ ਵਲ ਨੂੰ ਵਧ ਰਿਹਾ ਹੈ। ਕਰਤਾਰਾ ਕਾਫ਼ੀ ਚਿਰ ਤੋਂ ਉਸ ਨੂੰ ਪਛਾਣਨ ਦੀ ਕੋਸ਼ਿਸ ਕਰ ਰਿਹਾ ਹੈ। ਅਚਾਨਕ ਹੀ ਜਿਵੇਂ ਉਸ ਨੂੰ ਕੁਝ ਹੋ ਗਿਆ ਹੋਵੇ।

"ਹੈਂ ! ਜੰਗੀਰਾ !! ਇਹ ਸਾਲਾ ਕਿਧਰ ? ਕਿਤੇ ਇਸ ਨੂੰ ਸੂਹ ਤਾਂ ਨਹੀਂ ਲੱਗ ਗੀ ?" ਕਰਤਾਰੇ ਨੇ ਆਪਣੇ ਆਪ ਨੂੰ ਕਿਹਾ।

ਕਰਤਾਰਾ ਇਕ ਦਮ ਹਵੇਲੀ ਦੇ ਅੰਦਰ ਨੂੰ ਭਜਿਆ। ਜਦੋਂ ਉਹ ਉਸ ਕਮਰੇ ਵਿਚ ਪੁਜਿਆ ਜਿਥੇ ਮਹਿਫ਼ਲ ਸਜੀ ਹੋਈ ਹੈ ਤਾਂ ਉਸ ਸਮੇਂ ਤੱਕ ਉਹਦਾ ਸਾਹ ਫੂਲ ਚੁਕਿਆ ਸੀ।

"ਹਜ਼ੂਰ—ਹਜ਼ੂਰ—ਓਹੋ—ਓਹੋ—?" ਕਰਤਾਰੇ ਦੇ ਮੂੰਹੋਂ ਅਸਲ ਗੱਲ ਨਾ [illegible]।

"ਓਏ, ਹਜ਼ੂਰ ਦੇ ਲਗਦਿਆ, ਕੁਝ ਬਕੇਂਗਾ ਵੀ ?" ਕਿਰਪਾਲ ਸਿੰਘ ਨੇ ਉਸ ਨੂੰ ਘੂਰਦਿਆਂ ਕਿਹਾ।

"ਜੀ—ਓਹੋ—ਓਹੋ—ਜੰਗੀਰਾ—।" ਕਰਤਾਰੇ ਦੇ ਸੰਘ ਵਿਚ ਗੱਲ ਫੇਰ ਅਟਕ ਗਈ।

"ਕਿਹੜਾ, ਮਜ਼ੂਬੀ ਜੰਗੀਰਾ ?" ਕਿਰਪਾਲ ਸਿੰਘ ਨੇ ਪੁਛਿਆ।

"ਜੀ ਹਾਂ।"

"ਕੀ ਹੋਇਆ ਉਹਨੂੰ ?"

"ਹਜ਼ੂਰ ਉਹ ਹਵੇਲੀ ਵਲ ਨੂੰ ਆ ਰਿਹਾ ਹੈ। ਸ਼ਾਇਦ ਉਸ ਨੂੰ ਸ਼ੱਕ ਹੋ ਗਿਆ ਹੋਵੇ ਕਿ ਉਹਦੀ ਮਿੰਧੋ—।" ਅੱਧ ਵਿਚਕਾਰੋਂ ਹੀ ਸਰਦਾਰ ਨੇ ਕਰਤਾਰੇ ਨੂੰ ਝਿੜਕ ਕੇ ਚੁਪ ਕਰਾ ਦਿੱਤਾ। ਮਿੰਧੋ ਦੇ ਨਾਂ ਤੇ ਸਾਰਿਆਂ ਦੀਆਂ ਨਜ਼ਰਾਂ ਉਸ ਬੈਠਕ ਵਲ ਚਲੀਆਂ ਗਈਆਂ ਜਿਥੇ ਕੱਲ੍ਹ ਦੀ ਮਿੰਧੋ ਬੰਦ ਸੀ।

"ਚੰਗਾ, ਜਾਹ ਤੂੰ ਉਸ ਨੂੰ ਦਰਵਾਜ਼ੇ ਤੇ ਰੋਕ ਕੇ ਰੱਖ, ਮੈਂ ਹੁਣੇ ਆਉਨਾ।"

ਕਰਤਾਰਾ ਹੁਕਮ ਦਾ ਬੱਧਿਆ ਕਮਰੇ ਤੋਂ ਬਾਹਰ ਨੂੰ ਚਲਿਆ ਗਿਆ।

"ਕੇਹਰਿਆ, ਪੱਠੀ ਕਾਹਦੀ ਏ, ਨਿਰੀ ਸੁਲਫੇ ਦੀ ਲਾਟ ਆ।" ਕਿਰਪਾਲ ਸਿੰਘ ਨੇ ਕਰਤਾਰੇ ਦੇ ਜਾਣ ਤੋਂ ਬਾਅਦ ਮੂੰਹ ਨੂੰ ਗਿਲਾਸ ਲਾਉਂਦਿਆਂ ਕਿਹਾ। "ਪਰ ਹੈ ਬੜੀ ਜ਼ਹਿਰੀ ਏਧਰ ਅਸੀਂ ਕਿਹੜਾ ਘੱਟ ਆਂ, ਕਹਿੰਦੀਆਂ ਕਹਾਉਂਦੀਆਂ ਨਾਗਣੀਆਂ ਕੀਲ ਕੇ ਰੱਖ ਦਿੱਤੀਆਂ ਨੇ। ਵਿਚੇ ਵਿਚ ਹੀ ਵਿਹੁ ਘੋਲ ਕੇ ਰਹਿ ਜਾਂਦੀਆਂ ਨੇ।" ਉਸ ਦਾ ਹੱਥ ਵਾਰ ਵਾਰ ਮੁੱਛਾਂ ਨੂੰ ਤਾਅ ਦੇਣ ਲਈ ਹਰਕਤ ਕਰ ਰਿਹਾ ਸੀ।

"ਸਾਨੂੰ ਵੀ ਥੋੜਾ ਮੋਟਾ ਸੁਆਦ ਦਿਖਾ ਦੇ ਫੇਰ ਅੱਜ।" ਜੋਬੇ ਨੇ ਬੁਲ੍ਹਾਂ ਉਤੋਂ ਦੀ ਜੀਭ ਫੇਰਦਿਆਂ ਕਿਹਾ।

"ਓਏ, ਕਲ੍ਹ ਰਾਤ ਦੀ ਆਪਣੇ ਕੋਲ ਈ ਆ। ਵਗਦੇ ਸਮੁੰਦਰ 'ਚੋਂ ਦੋ ਘੁੱਟਾਂ ਤੁਸੀਂ ਭਰ ਲਉਂਗੇ ਏਥੇ ਕਿਹੜਾ ਮੁੱਕਣ ਲੱਗਿਆ।" ਕਿਰਪਾਲ ਸਿੰਘ ਨੇ ਤਾਅ 'ਚ ਆਉਂਦਿਆਂ ਕਿਹਾ।

"ਜ਼ਰਾ ਠਹਿਰੋ, ਮੈਂ ਉਸ ਜਮ ਨੂੰ ਮਗਰੋਂ ਲਾਹ ਆਵਾਂ।" ਉਸ ਨੇ

ਉਠਦਿਆਂ ਕਿਹਾ।

••• ••• •••

ਚੋਣਾਂ ਦਾਂ ਆਖ਼ਰੀ ਦੌਰ ਚਲ ਰਿਹਾ ਸੀ। ਉਮੀਦਵਾਰ ਵੋਟਰਾਂ ਦੇ ਘਰੋ ਘਰੀ ਜਾ ਕੇ, ਉਨ੍ਹਾਂ ਅੱਗੇ ਹੱਥ ਜੋੜ ਜੋੜ ਅਤੇ ਝੂਠੀਆਂ ਦਿਲਬਰੀਆਂ ਦੇ ਦੇ ਵੋਟਾਂ ਲੈਣ ਲਈ ਕੋਸ਼ਿਸ਼ਾਂ ਕਰ ਰਹੇ ਸਨ। ਕਿਰਪਾਲ ਸਿੰਘ ਵੀ ਆਪਣੇ ਇਲਾਕੇ ਤੋਂ ਅਜ਼ਾਦ ਉਮੀਦਵਾਰ ਦੇ ਤੌਰ ਤੇ ਚੋਣ ਲੜ ਰਿਹਾ ਸੀ। ਉਹ ਸਭ ਪਾਰਟੀਆਂ ਦੀਆਂ ਮਿੰਨਤਾਂ ਕਰ ਕਰ ਥੱਕ ਗਿਆ। ਪਰ ਉਸ ਨੂੰ ਹਰ ਪਾਰਟੀ ਨੇ ਟਿਕਟ ਦੇਣੋਂ ਨਾਂਹ ਕਰ ਦਿਤੀ ਸੀ ਅਤੇ ਉਸਨੂੰ ਅਜ਼ਾਦ ਉਮੀਦਵਾਰ ਦੇ ਤੌਰ ਤੇ ਖੜ੍ਹਨਾ ਪਿਆ। ਉਹ ਜਿਹੜਾ ਕੰਮ ਕਰਨ ਦੀ ਠਾਣ ਲੈਂਦਾ ਕਰ ਕੇ ਹਟਦਾ, ਭਾਵੇਂ ਇਧਰ ਦੀ ਦੁਨੀਆਂ ਉਧਰ ਹੋ ਜਾਏ। ਉਹ ਵੀ ਲੋਕਾਂ ਦੇ ਘਰੀਂ ਜਾ-ਕੇ ਵੋਟਾਂ ਲਈ ਹੱਥ ਜੋੜ ਰਿਹਾ ਸੀ ਅਤੇ ਜਿਹੜਾ ਜ਼ਰਾ ਕੁ ਅੱਗੋ ਅੜਦਾ ਦਿਸਦਾ. ਫੇਰ ਉਸ ਦੀ ਪਾਰਟੀ ਦੇ ਬੰਦੇ ਆਪਣੇ ਹੱਕ 'ਚ ਵੋਟ ਪਵਾਉਣ ਦਾ ਢੰਗ ਚੰਗੀ ਤਰਾਂ ਜਾਣਦੇ ਸਨ।

ਅਜ ਉਹ ਵੀ ਆਪਣੇ ਪਿੰਡ ਦੇ ਪੰਦਰਾਂ ਵੀਹਾਂ ਬੰਦਿਆਂ ਨਾਲ ਆਪਣੇ ਹੀ ਪਿੰਡ ਵਿਚ ਲੋਕਾਂ ਦੇ ਘਰੋ ਘਰੀ ਜਾ ਕੇ ਵੋਟਾਂ ਲਈ ਕਹਿ ਰਿਹਾ ਸੀ। ਜਦੋਂ ਓਹ ਮਜ਼੍ਹਬੀਆਂ ਦੇ ਵਿਹੜੇ ਪਹੁੰਚੇ ਤਾਂ ਉਨ੍ਹਾਂ ਦੇ ਕੁਤਿਆਂ ਨੇ ਦੂਰੋਂ ਹੀ ਭੌਂਕ ਕੇ ਉਨ੍ਹਾਂ ਦਾ ਸੁਆਗਤ ਕੀਤਾ।

"ਬਸ ਬਈ ਬਸ;ਆਪਣੇ ਪਰਾਏ ਦਾ ਤਾਂ ਖਿਆਲ ਰੱਖਿਆ ਕਰੋ।" ਕਰਤਾਰੇ ਨੇ ਕੁਤਿਆਂ ਨੂੰ ਪੁਚਕਾਰਦਿਆਂ ਕਿਹਾ।

"ਜੰਗੀਰ ਸਿੰਘਾ ਘਰੇ ਈ ਆਂ ?" ਕੇਹਰੇ ਨੇ ਉੱਚੀ ਸਾਰੇ ਅਵਾਜ਼ ਮਾਰੀ।

"ਆਓ ਸਰਦਾਰ ਜੀ, ਆਓ, ਧੰਨ ਭਾਗ। ਕਿਵੇਂ ਆਉਣੇ ਹੋਏ ?" ਜੰਗੀਰੇ ਨੇ ਸਿਰ ਤੇ ਪੱਗ ਲਪੇਟਦਿਆਂ ਕਿਹਾ।

"ਸਰਦਾਰਾ ਤੈਨੂੰ ਪਤਾ ਈ ਆ, ਹੁਣ ਤਾਂ ਤੇਰੇ ਵਰਗੇ ਭਰਾਵਾਂ ਦੇ ਈ ਰੱਖਣ ਦੇ ਆਂ।" ਕਿਰਪਾਲ ਸਿੰਘ ਦੀ ਅਵਾਜ਼ 'ਚ ਤਰਲਾ ਸੀ।

"ਕੋਈ ਫਿਕਰ ਨਾ ਕਰੋ ਜੀ, ਸਾਰੇ ਵਿਹੜੇ 'ਚੋਂ ਇਕ ਵੀ ਵੋਟ ਬਾਹਰ ਨਹੀਂ ਜਾ ਸਕਦੀ।" ਜੰਗੀਰਾ ਉਸਦੇ ਦਿਲ ਦੀ ਜਾਣ ਗਿਆ।

"ਚੰਗਾ ਜ਼ਰਾ ਖਿਆਲ ਰੱਖਿਓ, ਸਰਦਾਰ ਨੂੰ ਜਿਤਾਉਣਾ ਐਕੀ।" ਇਹ ਕਹਿੰਦੇ ਹੋਏ ਉਹ ਅੱਗੇ ਤੁਰ ਪਏ।

ਤੁਰੇ ਜਾਂਦਿਆਂ ਕਰਤਾਰੇ ਨੇ ਕਿਰਪਾਲ ਸਿੰਘ ਦੀ ਵੱਖੀ ਵਿਚ ਕੂਹਣੀ ਮਾਰੀ।

"ਚੁਪ ਓਏ, ਮੌਕਾ-ਕਮੌਕਾ ਵੀ ਦੇਖ ਲਿਆ ਕਰ।" ਕਿਰਪਾਲ ਸਿੰਘ ਨੇ ਕਰਤਾਰੇ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਉਹ ਕਰਤਾਰੇ ਦੀ ਰਮਜ਼ ਸਮਝ



ਗਿਆ। ਉਸ ਦਾ ਇਸ਼ਾਰਾ ਜੰਗੀਰੇ ਦੀ ਕੁੜੀ ਮਿੰਦੋ ਵਲ ਸੀ ਜੋ ਇਸ ਸਾਰੀ ਰਾਜਨੀਤੀ ਤੋਂ ਬੇ-ਖਬਰ ਕਪੜੇ ਧੋਣ ਵਿਚ ਮਗਨ ਸੀ। ਕਾਫ਼ੀ ਦਿਨਾਂ ਤੋਂ ਕਰਤਾਰੇ ਦੀ ਅੱਖ ਵੀ ਏਧਰ ਸੀ ਪਰ ਹੱਥ ਪਾਉਣੋਂ ਉਹ ਵੀ ਝਿਜਕਦਾ ਰਿਹਾ। ਕਿਉਂਕਿ ਮਜ਼੍ਹਬੀਆਂ ਦੀ ਕੁੱਟ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ। ਇਕ ਵਾਰ ਇਕ ਕੁੜੀ ਨੂੰ ਛੇੜ ਤਾਂ ਬੈਠਾ, ਐਸੀ ਗਿੱਦੜ ਕੁੱਟ ਪਈ ਸੀ ਦੋ ਮਹੀਨੇ ਮੰਜੇ 'ਚ ਪੈਣਾ ਪਿਆ।

ਵੋਟਾਂ ਪੈ ਚੁਕੀਆਂ ਅਤੇ ਨਤੀਜਾ ਨਿਕਲ ਆਇਆ। ਕਿਰਪਾਲ ਸਿੰਘ ਆਪਣੇ ਇਲਾਕੇ ਦਾ ਐਮ.ਐਲ.ਏ. ਬਣ ਗਿਆ। ਚਾਰੇ ਪਾਸੇ ਧੁੰਮਾਂ ਪੈ ਗਈਆਂ। ਏਸ ਖੁਸ਼ੀ ਵਿਚ ਜਲਸੇ, ਜਲੂਸ ਕੱਢੇ ਜਾ ਰਹੇ ਸਨ। ਚਾਰੇ ਪਾਸੇ ਘਰ ਦੀ ਕੱਢੀ ਹੋਈ ਦਾ ਰਾਜ ਸੀ। ਕਿਰਪਾਲ ਸਿੰਘ ਨੇ ਆਪਣੇ ਯਾਰਾਂ ਦੋਸਤਾਂ ਨੂੰ ਖੁਸ਼ ਕਰਨ ਲਈ ਆਪਣੀ ਹਵੇਲੀ ਵਿਚ ਪ੍ਰਬੰਧ ਕੀਤਾ। ਰਾਤ ਦੇ ਦਸ ਵਜੇ ਦਾ ਸਮਾਂ ਹੋਣਾ, ਮਹਿਫਲ ਪੂਰੇ ਜੋਬਨ ਤੇ ਸੀ।

"ਕਰਤਾਰਿਆ, ਹੁਣ ਫੇਰ ਕੋਈ ਪ੍ਰਬੰਧ ਕਰ, ਦੇਖੀਏ ਫੇਰ ਅਜ ਤੇਰੀ ਵੀ ਸਰਦਾਰੀ।" ਕਿਰਪਾਲ ਸਿੰਘ ਨੇ ਲੋਰ 'ਚ ਆਉਂਦਿਆਂ ਕਿਹਾ। ਕਰਤਾਰਾ ਉਸ ਦਾ ਅਰਥ ਸਮਝ ਗਿਆ।

"ਸਰਦਾਰ ਜੀ, ਫ਼ਿਕਰ ਨਾ ਕਰੋ ਤੁਹਾਡੀ ਜਾਨ ਨੂੰ ਕੀ ਘਾਟਾ।" ਜ਼ਰਾ ਕੰਨ ਕੋਲ ਨੂੰ ਹੋ ਕੇ ਕਰਤਾਰੇ ਨੇ ਕਿਹਾ। "ਜੇ ਆਖੋਂ ਤਾਂ ਉਹੋ ਮਾਲ ਹਾਜ਼ਰ ਕਰਾਂ ?" ਉਸ ਦਾ ਇਸ਼ਾਰਾ ਮਿੰਦੋ ਵਲ ਸੀ।

"ਓਏ ਲਿਆ ਜੋ ਲਿਆਉਂਨਾ, ਸਭ ਠੀਕ ਆ ਪਰ ਖਿਆਲ ਰੱਖੀਂ ਜ਼ਰਾ ਨਰਮ ਹੋਵੇ।" ਸਰਦਾਰ ਨੇ ਗਲਾਸ ਖਾਲੀ ਕਰਦਿਆਂ ਕਿਹਾ।

ਸ਼ਾਇਦ ਹੁਣ ਕਿਰਪਾਲ ਸਿੰਘ ਦੇ ਐਮ.ਐਲ.ਏ. ਬਣ ਜਾਣ ਕਾਰਨ ਕਰਤਾਰੇ ਦੇ ਵੀ ਸਭ ਡਰ ਭਓ ਚੱਕੇ ਗਏ ਸਨ। ਉਸ ਨੂੰ ਹੁਣ ਕੋਈ ਡਰ ਨਹੀਂ ਰਿਹਾ ਭਾਵੇਂ ਉਹ ਖੂਨ ਕਰਕੇ ਆ ਜਾਵੇ। ਕਿਰਪਾਲ ਸਿੰਘ ਆਪੇ ਸਾਂਭਣ ਵਾਲਾ ਸੀ।

ਦੂਜੇ ਦਿਨ ਸਾਰੇ ਪਿੰਡ 'ਚ ਰੌਲਾ ਪੈ ਗਿਆ ਕਿ ਜੰਗੀਰੇ ਦੀ ਮਿੰਦੋ ਨੂੰ ਰਾਤ ਕੋਈ ਜ਼ਬਰਦਸਤੀ ਚੁੱਕ ਕੇ ਲੈ ਗਏ ਹੁਣ ਤਕ ਕੋਈ ਥਹੁ ਪਤਾ ਨਹੀਂ ਲੱਗ ਸਕਿਆ ਅਖੀਰ ਨੂੰ ਖੂਹ ਵਿਚ ਇੱਟ ਸਮਝ ਕੇ ਜੰਗੀਰੇ ਨੇ ਆਪਣੇ ਪਿੰਡ ਦੇ ਨਵੇਂ ਬਣੇ ਐਮ.ਐਲ.ਏ. ਕੋਲ ਫਰਿਆਦ ਲੈ ਕੇ ਜਾਣ ਦੀ ਸੋਚੀ। ਸ਼ਾਇਦ ਉਹ ਉਸ ਦੀ ਕੋਈ ਮਦਦ ਕਰੇ। ਉਹ ਕਿਰਪਾਲ ਸਿੰਘ ਦੀ ਹਵੇਲੀ ਨੂੰ ਸਿੱਧਾ ਹੋ ਤੁਰਿਆ।

••• ••• •••

ਕਿਰਪਾਲ ਸਿੰਘ ਲੜਖੜਾਉਂਦੇ ਕਦਮਾਂ ਨਾਲ ਹਵੇਲੀ ਦੇ ਦਰਵਾਜ਼ੇ ਵਲ ਨੂੰ ਵਧਿਆ ਜਿਥੇ ਕਰਤਾਰਾ ਜੰਗੀਰੇ ਨੂੰ ਗੱਲੀਂ ਲਾਈ ਖੜ੍ਹਾ ਸੀ।

"ਓਏ ਸੁਣਾ ਬਈ ਜੰਗੀਰਿਆ, ਕਿਵੇਂ ਆਉਣੇ ਹੋਏ ?" ਕਿਰਪਾਲ ਸਿੰਘ ਨੇ

ਕੋਲ ਪਹੁੰਚਦਿਆਂ ਕਿਹਾ।

"ਮੈਂ ਤਾਂ ਲੁਟਿਆ ਗਿਆ ਸਰਦਾਰ ਜੀ, ਮੇਰਾ ਤਾਂ ਕੱਖ ਨੀ ਰਿਹਾ। ਤੁਸੀਂ ਹੀ ਰੱਖਣਹਾਰ ਹੋ।" ਜੰਗੀਰੇ ਨੇ ਪਰਨੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਉਏ, ਕੁਝ ਦੱਸੇਂਗਾ ਵੀ ਕਿ ਨਹੀਂ?" ਕਿਰਪਾਲ ਸਿੰਘ ਨੇ ਜ਼ਰਾ ਉੱਚੀ ਕਿਹਾ।

"ਹੋਣਾ ਕੀ ਏ ਸਰਦਾਰ ਜੀ, ਮੈਂ ਤਾਂ ਬਰਬਾਦ ਹੋ ਗਿਆ। ਕਲ੍ਹ ਰਾਤ ਕੰਜਰ ਦੇ ਪਤਾ ਨੀ ਕੌਣ ਸੀ, ਮੇਰੀ ਕੁੜੀ ਨੂੰ ਜਬਰਦਸਤੀ ਚੁੱਕ ਕੇ ਲੈ ਗਏ। ਹੁਣ ਤਕ ਕੋਈ ਥਹੁ ਪਤਾ ਨਹੀਂ ਲੱਗ ਸਕਿਆ।" ਜੰਗੀਰੇ ਦੀ ਕਹਿੰਦੇ ਦੀ ਧਾਹ ਨਿਕਲ ਗਈ।

"ਉਏ ਤੂੰ ਪਰਵਾਹ ਨਾ ਕਰ। ਕੱਲ੍ਹ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਤੇਰੀ ਕੁੜੀ ਤੇਰੇ ਘਰ ਨਾ ਪਹੁੰਚਾ ਦਿੱਤੀ ਤਾਂ ਮੇਰਾ ਨਾਂ ਵੀ ਕਿਰਪਾਲ ਸਿੰਘ ਨੀ।" ਕਿਰਪਾਲ ਸਿੰਘ ਨੇ ਮੁੱਛਾਂ ਉਤੋਂ ਦੀ ਹੱਥ ਫੇਰਦਿਆਂ ਕਿਹਾ।

"ਸਰਦਾਰਾ, ਹੁਣ ਤਾਂ ਤੇਰੇ ਈ ਰੱਖਣ ਦੇ ਆਂ।" ਜੰਗੀਰੇ ਨੇ ਲੇਲ੍ਹੜੀਆਂ ਕੱਢਦਿਆਂ ਕਿਹਾ।

"ਐਮ.ਐਲ.ਏ. ਬਣ ਕੇ ਪਿੰਡ ਦੇ ਬੰਦਿਆਂ ਦਾ ਕੰਮ ਨੀ ਕਰਾਂਗੇ ਤਾਂ ਹੋਰ ਕੀਹਦਾ ਕਰਾਂਗੇ। ਤੂੰ ਫਿਕਰ ਨਾ ਕਰ, ਜਾਹ ਜਾ ਕੇ ਅਰਾਮ ਕਰ, ਸਾਡੇ ਹੁੰਦਿਆਂ ਤੈਨੂੰ ਕਾਹਦਾ ਫਿਕਰ ਆ। ਸਵੇਰ ਨੂੰ ਤੇਰੀ ਧੀ ਤੇਰੇ ਘਰ ਪਹੁੰਚ ਜੂ ਗੀ। ਹੋਰ ਦਸ ਤੂੰ ਕੀ ਕਹਾਉਣਾ ਚਾਹੁੰਨਾ?" ਬੋਲਣ ਲੱਗਿਆਂ ਕਿਰਪਾਲ ਸਿੰਘ ਦੀ ਅਵਾਜ਼ ਉਹਦਾ ਸਾਥ ਨਹੀਂ ਦਿੰਦੀ ਸੀ।

ਜੰਗੀਰਾ ਅੱਖਾਂ ਪੂੰਝਦਾ ਫੇਰ ਉਸੇ ਰਸਤੇ ਪਿੰਡ ਨੂੰ ਹੋ ਤੁਰਿਆ ਜਿਧਰੋਂ ਆਇਆ ਸੀ। ਉਸ ਦੇ ਛਿੱਤਰਾਂ ਦੀ ਧੂੜ ਉਹਦੇ ਆਪਣੇ ਉਤੇ ਹੀ ਉਡ ਉਡ ਕੇ ਪੈ ਰਹੀ ਸੀ।

---

(ਸਫ਼ਾ 7 ਦੀ ਬਾਕੀ)

ਕੱਚ ਦੀਆਂ ਵੰਗਾਂ ਲਈ
ਮੁੰਦਰੀ ਦੇ ਝੂਠੇ ਨਗ
ਰੇਸ਼ਮੀ ਨਾਲੇ ਲਈ .....

# ਵਿਤਕਰਿਆਂ ਖਿਲਾਫ਼ ਮੁਫ਼ਤ ਮੱਦਦ

(ਉੱਜਲ ਦੁਸਾਂਝ)

ਜੇਕਰ ਤੁਹਾਡੇ ਨਾਲ ਜਾਂ ਕਿਸੇ ਹੋਰ ਨਾਲ ਜਨਤਕ ਸਹੂਲਤਾਂ, ਜਾਇਦਾਦ ਦੀ ਖ਼ਰੀਦੋ-ਫ਼ਰੋਖਤ, ਮਕਾਨ-ਕਿਰਾਏਦਾਰੀ, ਤਨਖ਼ਾਹ, ਨੌਕਰੀ ਇਸ਼ਤਿਹਾਰ ਤੇ ਰੋਜ਼ਗਾਰ ਦੇ ਸੰਬੰਧਾਂ ਵਿੱਚ ਨਸਲ, ਲਿੰਗ, ਰੰਗ, ਧਰਮ, ਉਮਰ, ਜਨਮ-ਸਥਲ ਅਤੇ ਪਿਛੋਕੜ ਜਾਂ ਰਾਜਨੀਤਕ ਵਿਚਾਰਾਂ ਦੇ ਅਧਾਰ ਤੇ ਕੋਈ ਆਦਮੀ, ਰੋਜ਼ਗਾਰ ਦਫ਼ਤਰ, ਮਾਲਕ (EMPLOYER), ਮਾਲਕਾਂ ਦੀ ਸੰਸਥਾ, ਧੰਦਾਕਾਰਾਂ ਦੀ ਸੰਸਥਾ ਅਤੇ ਯੂਨੀਅਨਾਂ ਆਦਿ ਕਿਸੇ ਕਿਸਮ ਦਾ ਗ਼ੈਰ ਕਾਨੂੰਨੀ ਵਿਤਕਰਾ ਕਰਦੇ ਹਨ ਤਾਂ ਤੁਹਾਨੂੰ B.C. HUMAN RIGHTS CODE ਦੇ ਅਧੀਨ ਇਨ੍ਹਾਂ ਸਭ ਵਿਤਕਰਿਆਂ ਦੇ ਖਿਲਾਫ਼ HUMAN RIGHTS BRANCH (DEPTT. OF LABOUR) ਦੇ ਕਿਸੇ ਭੀ ਦਫ਼ਤਰ ਵਿੱਚ ਸ਼ਿਕਾਇਤ ਦਰਜ ਕਰਾਉਣ ਦੇ ਹੱਕ ਹਨ। ਹਰ ਕੋਈ ਆਪਣੇ ਜਾਂ ਕਿਸੇ ਹੋਰ ਦੇ ਖਿਲਾਫ਼ ਹੋਏ ਵਿਤਕਰੇ ਬਾਰੇ ਸ਼ਿਕਾਇਤ ਦਰਜ ਕਰਾ ਸਕਦਾ ਹੈ।

ਜੇ ਤੁਹਾਨੂੰ ਆਪਣੀਆਂ ਸ਼ਿਕਾਇਤਾਂ ਪ੍ਰਤੀ ਕਿਸੇ ਕਿਸਮ ਦੀ ਸਹਾਇਤਾ ਜਾਂ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਤੁਸੀਂ ਉੱਜਲ ਦੁਸਾਂਝ (UBC LAW STD.) ਨੂੰ ਮਿਲੋ ਜੋ HUMAN RIGHTS BRANCH ਦੇ ਨਾਲ ਮਨੁੱਖੀ ਹੱਕਾਂ ਦੇ ਕਾਮੇ (HUMAN RIGHTS WORKER) ਦੇ ਤੌਰ ਤੇ 31 ਅਗੱਸਤ 1975 ਤੱਕ ਕੰਮ ਕਰ ਰਹੇ ਹਨ:- (MESSAGE PHONE: 324-8186/4345761)

(1) ਮਾਊਂਟ ਪਲੈਜ਼ੈਂਟ ਇਨਫ਼ਰਮੇਸ਼ਨ ਸੈਂਟਰ - 8760822 - ਸੋਮਵਾਰ 1-30 P.M. to 4:30 P.M.
724 - ਈਸਟ ਬਰਾਡਵੇ

(2) ਮਲਟੀ ਲਿੰਗੂਅਲ ਸੋਸ਼ਲ ਸਰਵਿਸ - 254 9626 - ਮੰਗਲਵਾਰ 1:00 P.M. to 3.00 P.M.
1135 - ਕਮਰਸ਼ੀਅਲ

(3) ਸਨਸੈੱਟ ਏਰੀਆ ਇਨਫ਼ਰਮੇਸ਼ਨ ਸੈਂਟਰ - 3247361 - ਮੰਗਲਵਾਰ 10.00 A.M. to 12.00 N.
6647 - ਫਰੇਜ਼ਰ ਸਟਰੀਟ

(4) ਇੰਮੀਗਰੈਂਟ ਸਰਵਿਸਜ਼ ਸੈਂਟਰ - 324-8186 - ਸੋਮ 10.00 A.M. to 12.30 P.M.
8165 - ਮੇਨ ਸਟਰੀਟ — ਸ਼ੁਕਰ 4.00 P.M. to 8.00 P.M.
ਸਨਿੱਚਰ 10.00 A.M. to 12.00 NOON

# ਔਰਤ ਤੇ ਔਰਤ

(ਕੰਵਲ ਵਿਦਰੋਹੀ)

ਮੰਮੀ ......ਮੰਮੀ.........ਪਾਪਾ ਜੀ ਆਏ ਨੇ। ਤਾਂ ਫੇਰ ਮੈਂ ਕੀ ਕਰਾਂ? ਮੇਰੀ ਭਾਗਵਾਨ ਦੂਸਰੀ ਅਰਧਗਨੀ ਨੇ ਜਵਾਬ ਦਿਤਾ। ਮੰਮੀ ਆਖਦੇ ਨੇ ਲੱਤੀ ਪਾ ਦਿਓ। ਉਹ ਸੂਈਂ ਕੁੱਤੀ ਵਾਂਗ ਦੀਪੂ ਵਲ ਝਾਕੀ ਤੇ ਫਿਰ ਮੂੰਹ ਜਿਹਾ ਬਣਾ ਕਿ ਬੋਲੀ, "ਕਹਿ ਦੇ ਖਾ ਲੈਣ ਆਪੇ—ਠੰਡ ਹੈ, ਉਠਿਆ ਨਹੀਂ ਜਾਂਦਾ। ਪਤਾ ਨਹੀਂ ਕਿਥੋਂ ਬਾਰਾਂ ਵਜੇ ਆਉਂਦੇ ਨੇ। ਆਦਮੀ ਨੂੰ ਹੁੰਦਾ ਏ ਕਿਸੇ ਵੇਲੇ ਘਰ ਵੀ ਰਹੇ ਘੜੀ ਦੋ ਘੜੀ ਕੋਈ ਗਲ ਬਾਤ ਕਰੇ। ਪਰ ਇਹ ਤਾਂ ਸਾਡੀ ਸ਼ਕਲ ਵੀ ਵੇਖਣੀ ਪਸੰਦ ਨਹੀਂ ਕਰਦਾ।" ਉਹ ਮੂੰਹ ਵਿਚ ਬੁੜਬੁੜਾ ਰਹੀ ਸੀ। "ਕਰਾਂ ਤਾਂ ਕੀ ਰਜਨੀ? ......ਮੈਂ ਮਜ਼ਬੂਰ ਹਾਂ.........ਸਾਰਾ ਦਿਨ ਘਰ ਦਾ ਕਮ ਕਾਰ ਅਤੇ ਉਸਤੋਂ ਬਾਦ ਫਿਰ ਦੁਕਾਨ ਦਾ ਹਿਸਾਬ ਕਿਤਾਬ, ਲੈਣ ਦੇਣ ਤੇ ਫਿਰ ਹੁਣ ਹੀ ਤਾਂ ਯਾਰਾਂ ਦੋਸਤਾਂ ਨੂੰ ਮਿਲਣ ਦੀ ਵਿਹਲ ਹੁੰਦੀ ਹੈ। ਫਿਰ ਸਾਡੇ ਨਾਲੋਂ ਤਾਂ ਯਾਰ ਦੋਸਤ ਹੀ ਚੰਗੇ ਹੋਏ ਜਿਨ੍ਹਾਂ ਨੂੰ ਮਿਲਦੇ ਰਹਿੰਦੇ ਹੋ। ਉਸ ਮੂੰਹ ਜਿਹਾ ਬਣਾ ਕੇ ਕਿਹਾ। ਮੈਂ ਕੀ ਕਰਾਂ, ਤੂੰ ਹੁਣ ਹੀ ਵੇਖ ਲੈ, ਸਵੇਰੇ ਉਠਕੇ ਤਿੰਨ ਵਾਲੀ ਗੱਡੀ ਤੇ ਦਿੱਲੀ ਜਾਣਾ ਹੈ। ਪਿਤਾ ਜੀ ਨੇ ਕੁਝ ਵਪਾਰ ਦੇ ਕੰਮ ਜਾਣ ਲਈ ਕਿਹਾ ਹੈ। "ਕਿਹਾ ਹੈ ਤਾਂ ਕੀ, ਮੇਰੇ ਤੇ ਕੋਈ ਸ਼ਾਨ ਹੈ– ਆਖਣਾ ਕੰਮ ਕਰੇਂਗਾ ਤੇ ਖਾਏਂਗਾ, ਨਹੀਂ ਜਾਣਾ ਤਾਂ ਨਾ ਜਾਹ, ਮੈਂ ਤਾਂ ਸਿਰਫ ਤੈਨੂੰ ਕਿਹਾ ਈ ਏ। ਜਦੋਂ ਵੇਖੋ ਨਖਰੇ ਨਾਲ ਈ ਗੱਲ ਕਹਦਾ ਏ।" ਪਿਤਾ ਜੀ ਕੜਕੇ। ਪਰ......ਪਰ..... ਪਿਤਾ ਜੀ ਮੈ ਐਹਸਾਨ ਵਾਲੀ ਤਾਂ ਕੋਈ ਗੱਲ ਨਹੀਂ ਕੀਤੀ। ਤਾਂ ਫਿਰ ਹੋਰ ਕੀ ਕੀਤਾ ਈ......। ਜਦੋਂ ਵੇਖੋ ਪਿਤਾ ਨੇ ਘੋ ਕਿਹੇ, ਵੇ ਕਿਹੇ। ਕਹਿੰਦੇ ਹੋਏ ਪਿਤਾ ਜੀ ਅੰਦਰ ਚਲੇ ਗਏ।

ਬੜੀ ਮੁਸ਼ਕਿਲ ਨਾਲ ਝਾੜ ਝੰਬ ਤੋਂ ਬਾਅਦ ਇਕ ਰੋਟੀ ਖਾਧੀ ਤੇ ਚੌਂਕੇ ਤੋਂ ਬਾਹਰ ਆਕੇ ਹੀ ਸਾਹ ਲਿਆ। ਸਵੇਰੇ ਗੱਡੀ ਜਾਂਣਾ ਸੀ। ਅਲਾਰਮ ਲਗਾਇਆ ਅਤੇ ਸੌਣ ਲਈ ਪਿਆ। ਪਰ ਨੀਂਦ ਕਿਥੇ। ਇਥੇ ਤਾ ਵਿਚਾਰ ਹੀ ਆਉਂਦੇ ਸਨ। ਰਾਤ ਸਾਰੀ ਸੁਪਨਿਆਂ ਵਿਚ ਹੀ ਬੀਤ ਗਈ। ਸਵੇਰੇ ਦੋ ਵਜੇ ਹੀ ਟਾਈਮਪੀਸ ਨੇ ਟਣਨ......ਟਨ......ਦੀ ਆਵਾਜ ਨੇ ਜਗਾ ਦਿਤਾ। ਦਿਨ ਦੇ ਕੰਮ ਤੇ ਇਸ ਝਾੜ ਝੰਬ ਕਾਰਣ ਥਕਾਵਟ ਕੁਝ ਅਸਰ ਜਿਆਦਾ ਹੀ ਜਾਪਦੀ ਸੀ। ਬੜੀ ਔਖੇ ਜਿਹੇ ਮੂੰਹ ਹੱਥ ਧੋਕੇ ਕਾਗਜ਼ ਪਤੱਰ ਸਾਂਭ ਕੇ ਗੱਡੀ ਲਈ ਤੁਰ ਪਿਆ।

ਕਿੰਨਾ ਹੀ ਚਿਰ ਇਹ ਅਣਹੋਣੀ ਬਾਰੇ ਸੋਚਦਾ ਰਿਹਾ। ਉਹੋ ਇਹ ਤਾਂ ਰੋਜ਼ ਦਾ ਹੀ ਕੰਮ ਬਣ ਗਿਆ ਹੈ। ਇਹ ਹੈ ਪੜ੍ਹੀ ਲਿਖੀ ਦਾ ਹਾਲ। ਮੁੰਡਾ ਕੀ ਜੰਮ ਲਿਆ ਘਰ ਸਿਰ ਤੇ ਹੀ ਚੁੱਕ ਲਿਆ। ਪਿਓ ਨੇ ਦਾਜ ਵੀ ਤਾਂ ਵਾਹਵਾ ਦਿਤਾ ਸੀ। ਪਰ ਦਾਜ ਦਾ ਕੀ ਫਾਇਦਾ ਜਿਸਨੇ ਮੇਰੀ ਜਿੰਦਗੀ ਹੀ ਲੈ ਲਈ। ਇਕੋ ਜਿਨੇ ਕਿੰਨੇ ਹੀ ਵਿਚਾਰ ਮਨ ਵਿਚ ਆਉਣ ਲਗੇ। ਇਕ ਸੀਟੀ ਵੱਜੀ ਤੇ ਗੱਡੀ ਨੇ ਆਕੇ ਵਿਚਾਰਾਂ ਦੀ ਲੜੀ ਤੋੜੀ। ਬੜਾ ਸਾਵਧਾਨ ਜਿਹਾ ਹੋਕੇ ਅਟੈਚੀ ਹੇਠਾਂ ਰੱਖਕੇ ਇਕ ਪਾਸੇ ਸੀਟ ਲੈ ਲਈ। ਗੱਡੀ ਅਜੇ ਰੋਹਤਕ ਹੀ ਪੁੱਜੀ ਸੀ ਕਿ ਬੱਤੀ ਬੁਝ ਗਈ। ਸਵੇਰ ਹੋਣ ਵਾਲੀ ਸੀ ਅਤੇ ਤ੍ਰਿਕਾਲਾਂ ਦਾ ਘੁਸਮੈਲਾ ਜਿਹਾ ਚਾਨਣ ਵਿਖਾਈ ਦੇ ਰਿਹਾ ਸੀ। ਲੋਕੀਂ ਆਪੋ ਆਪਣੀਆਂ ਗੱਲਾਂ ਵਿਚ ਮਸਤ ਸਨ। ਮੈਂ ਬਾਰੀ ਵਿਚੋਂ ਭਜੇ ਜਾਦੇ ਖੂਹਾਂ, ਨਹਿਰਾਂ, ਦਰਖਤਾਂ, ਮਕਾਨਾਂ ਅਤੇ ਪਿੰਡਾਂ ਆਦਿ ਨੂੰ ਵੇਖ ਕੇ ਕੁਦਰਤ ਦਾ ਅਨੰਦ ਲੈ ਰਿਰਾ ਸਾਂ। ਸਾਹਮਣੇ ਸ਼ਾਇਦ ਕੋਈ ਨਵਾਂ ਜੋੜਾ ਵਿਆਹ ਕਰਵਾ ਕੇ ਆਇਆ ਸੀ। ਸ਼ਾਇਦ ਕੋਈ ਹਰਿਆਣਵੀ ਸੀ। ਬੱਈ ਦਾਜ਼ ਮੈਂ, ਕੇ ਦਿਯਾ। ਸਾਹਮਣੇ ਬੈਠੇ ਸੇਠ ਜੀ ਨੇ ਧੋਤੀ ਦੇ ਲਾਂਗੜ ਨੂੰ ਸੱਜੇ ਹੱਥ ਨਾਲ ਟੰਗਦੇ ਹੋਏ ਕਿਹਾ। ਵੀਹ ਹਜ਼ਾਰ ਰੁਪਈਆ ਨਕਦੀ, ਟੂਮਾ ਟੱਲਾ, ਸਾਇਕਲ, ਘੜੀ, ਰੇਡੀਓ,

ਸੇਵਾ ਅਤੇ ਪਤਾ ਨਹੀਂ ਕਿੰਨਾਂ ਕੁ ਕੁਝ ਹੋਰ ਗਿਣਾਉਂਦੇ ਰਹੇ। ਮੁੰਡਾ ਬੜੀ ਸ਼ਾਨ ਨਾਲ ਮੁਸਕਰਾ ਰਿਹਾ ਸੀ ਤੇ ਬੜੀ ਮਸਤੀ ਦੇ ਲੋਰ ਵਿਚ ਆਪਣੀ ਪਤਨੀ ਦੀ ਸੁੰਦਰਤਾ ਦਾ ਆਨੰਦ ਲੈ ਰਿਹਾ ਸੀ। "ਪੁੱਤਰਾ, ਹੱਸ ਲੈ ਹੁਣ, ਰੋਵੇਂਗਾ ਸਾਰੀ ਉਮਰ।" ਅੱਛਾ ਮੈਂ ਚਾਹ ਲੈ ਆਉਂ। ਮੁੰਡੇ ਨੇ ਵਹੁਟੀ ਤੇ ਇਕ ਨਿੱਘੀ ਨਜ਼ਰ ਸੁੱਟ ਕੇ ਕਿਹਾ।

ਔਰਤ.........ਔਰਤ.........ਔਰਤ......ਆਦਮੀ ਇਹ ਸਭ ਕੁਝ ਔਰਤ ਲਈ ਹੀ ਕਰ ਰਿਹਾ ਹੈ...ਚਾਰੇ ਪਾਸੇ ਇੰਝ ਲਗਾ ਜਿਵੇਂ ਔਰਤਾਂ ਭੁਤਾਂ ਦਾ ਰੂਪ ਧਾਰਨ ਕਰੀ ਦਾਜ ਲਈ ਬੈਠੀਆਂ ਹੋਣ। ਅਗਲੇ ਸਟੇਸ਼ਨ ਤੇ ਉਹ ਜੋੜੀ ਤਾਂ ਉਤਰ ਗਈ। ਹੁਣ ਮੈਂ ਡੱਬੇ ਵਿਚ ਇਕੱਲਾ ਹੀ ਰਹਿ ਗਿਆ ਜਾਂ ਮੇਰੇ ਨਾਲ ਇਕ ਬੁੱਢਾ ਬਾਬਾ ਜੋ ਸ਼ਾਇਦ ਬਿਮਾਰ ਸੀ ਤੇ ਕਾਫੀ ਦੂਰ ਪਿਆ ਹੋਇਆ ਸੀ।

ਉਸਦਾ ਕਸੂਰ ਬੱਸ ਇਹੀ ਸੀ ਕਿ ਉਸਨੇ ਪੜ੍ਹਾਈ ਨਹੀਂ ਸੀ ਕੀਤੀ—ਉਹ ਗਰੀਬ ਸੀ......ਉਸਦੇ ਕੋਈ ਬੱਚਾ ਨਹੀਂ ਸੀ ਹੋਇਆ......ਬੱਸ ਇਹੀ। ਤੇ ਇਸੇ ਕਾਰਣ ਹੀ ਉਸਨੂੰ ਘਰ ਛਡਣਾ ਪਿਆ ਸੀ। ਪਰ......ਪਰ ਉਹ ਬਹੁਤ ਚੰਗੀ ਸੀ। ਮੇਰੇ ਲਈ......ਮੇਰੇ ਬਿਨਾ ਰੋਟੀ ਤੱਕ ਨਹੀਂ ਸੀ ਖਾਂਦੀ। ਮੈਨੂੰ ਰਿਝਾਉਣ ਦੀ ਪੂਰੀ ਕੋਸ਼ਿਸ਼ ਕਰਦੀ ਸੀ। ਪੈਸੇ ਨਾਲ ਨਹੀਂ, ਮਿਠੀਆਂ-2 ਗੱਲਾਂ ਨਾਲ। ਉਹ ਅਮੀਰ ਦਿਲ ਦੀ ਗਰੀਬ ਔਰਤ ਸੀ......ਚੰਗੀ ਪਤਨੀ ਸੀ......ਪਰ ਸਾਰੇ ਘਰ ਦੇ ਮੈਂਬਰ ਸਾਰਾ ਦਿਨ ਉਸ ਨਾਲ ਲੜਦੇ ਰਹਿੰਦੇ। ਮੈਂ ਵੀ ਉਸ ਨਾਲ ਭੈੜਾ ਵਿਵਹਾਰ ਕੀਤਾ। ਵਿਚਾਰੀ ਤੰਗ ਆਕੇ ਨਿਕਲ ਗਈ। ਮੈਂ ਕਸੂਰ ਕੀਤਾ—ਮੇਰਾ ਦੂਜਾ ਵਿਆਹ ਹੋਇਆ ਤੇ ਸਜ਼ਾ ਮੈਨੂੰ ਇਸ ਜਨਮ ਵਿਚ ਹੀ ਮਿਲ ਗਈ। ਪਰ ਉਹ......ਪਤਾ ਨਹੀਂ ਕਿਥੇ ਗਈ ਹੋਵੇਗੀ। ਸ਼ਾਇਦ ਮਰ ਹੀ ਗਈ ਹੋਵੇ। ਨਹੀਂ...ਨਹੀਂ ...ਉਸਨੂੰ ਤਾਂ ਰੱਬ ਵੀ ਨਹੀਂ ਚੁੱਕੇਗਾ। ਕਹਿੰਦੇ ਹਨ ਰੱਬ ਵੀ ਪੈਸੇ ਵਾਲਿਆਂ ਤੇ ਗਰੀਬਾਂ ਵਿਚ ਦਰਿਆਂਤ ਰੱਖਦਾ ਹੈ। ਕੀ ਉਹ ਕਿਸੇ ਹੋਰ ਦੇ ਵੱਸ ਗਈ ਹੋਵੇਗੀ। ਨਹੀਂ...ਨਹੀਂ। ਉਹ ਅਜਿਹਾ ਨਹੀਂ ਕਰ ਸਕਦੀ ਤਾਂ ਫਿਰ ਕੀ ਹੋਇਆ ਹੋਵੇਗਾ। ਕੁਲੀ ਸਮਾਨ.........ਕੁਲੀ ਸਮਾਨ ਹੈਂ..ਹੈਂ ਇਹ ਕੀ ਦਿੱਲੀ ਆ ਗਈ। ਮੈਂ ਪਹੁੰਚ ਗਿਆ ਖੈਰ ਕੋਈ ਗਲ ਨਹੀਂ। ਸਮਾਨ ਚੱਕ ਕੇ ਬਾਹਰ ਆ ਗਿਆ। ਬਾਬੂ ਜੀ ਕਹਾਂ ਚਲੋਗੇ ਰਿਕਸ਼ਾ ਵਾਲੇ ਨੇ ਕਿਹਾ। 'ਪਰੀਤ ਹੋਟਲ' ਜਾਣਦਾ ਹੈਂ। ਹਾਂ ਜੀ, ਜਰੂਰ ਕਿਉਂ ਨਹੀਂ ਜਾਣਦਾ ਹਾਂ। ਕਹਿ ਕੇ ਰਿਕਸ਼ਾ ਵਾਲਾ ਸਮਾਨ ਚੁੱਕ ਕੇ ਪਰੀਤ ਹੋਟਲ ਲੈ ਗਿਆ। ਸਮਾਨ ਰੱਖਕੇ ਸਾਰਾ ਕੰਮ ਕਾਜ ਕਰਨ ਤੋਂ ਬਾਅਦ ਸ਼ਾਮੀ ਜਦ ਵਾਪਸ ਆਇਆ ਤਾਂ ਮੁੰਡੂ ਨੇ ਕਿਹਾ ਬਾਬੂ ਜੀ ਆਪ ਅਕੇਲੇ ਹੀ ਹੈਂ ਰਾਤ ਲੰਬੀ ਹੈ...ਮਾਲ ਲਉਂ। ਬੰਗਾਲੀ, ਮਦਰਾਸੀ, ਮਸੂਰੀ, ਅੰਗਰੇਜ਼ੀ, ਮੁਸਲਮਾਨੀ, ਔਰ ਹਿੰਦੁਸਤਾਨੀ ਇਕਦਮ ਜਵਾਨ ਛੋਕਰੀ ਲਾਯਾ ਕਰਤਾ ਹੂੰ ਬਾਬੂ। ਮੁੰਡੂ ਇਕ ਸੁਰ ਵਿਚ ਹੀ ਦੁਨੀਆਂ ਦੇ ਚਾਰੇ ਪਾਸੇ ਲੈ ਗਿਆ ਸੀ। ਸੋਚਿਆ ਚਲੋ ਦਿਲਪਰਚਾਵਾ ਹੀ ਸਹੀ। ਕਿਹਾ ਪੰਜਾਬੀ......। ਤੇ ਉਹ ਚਲਾ ਗਿਆ। ਕੁਝ ਚਿਰ ਬਾਦ ਕਮਰੇ ਦੀ ਠੱਕ ਠੱਕ ਹੋਈ। ਕੀ ਮੈਂ ਅੰਦਰ ਆ ਸਕਦੀ ਹਾਂ? ਜਰੂਰ ...ਜਰੂਰ...ਕਿਉਂ ਨਹੀਂ। ਤੁਹਾਡਾ ਹੀ ਤਾਂ ਇੰਤਜਾਰ ਹੈ। ਦਰਵਾਜਾ ਖੋਲ੍ਹਿਆ, ਉਹ ਇਹ ਕੀ......ਭੁਪਿੰਦਰ......ਭੁਪਿੰਦਰ ਮੇਰੀ ਪਤਨੀ। ਭੁਪਿੰਦਰ ਨਹੀਂ ਪੰਜਾਬੀ ਲੜਕੀ ਕਹੋ ਬਾਬੂ। ਤੂੰ ਇਥੇ ਕਿਵੇਂ? ਪਸੀਨਾ ਛੁੱਟ ਰਿਹਾ ਸੀ ਤੇ ਡਰਦੇ ਹੋਏ ਸਵਾਲ ਕੀਤਾ। ਤੁਹਾਡੀ ਮਰਦਾਂ ਦੀ ਅਤੇ ਇਸ ਸਮਾਜ ਦੀ ਕ੍ਰਿਪਾ ਨਾਲ। ਸੰਖੇਪ ਜਿਹਾ ਉਤਰ ਮਿਲਿਆ।

*

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
'ਵਤਨੋਂ ਦੂਰ'
P. O. BOX 1041
Coquitlam, B. C. Canada

## Buying, selling, or trading

* Homes new or old
* Commercial properties or sites
* Apartment blocks
* Farms, land, home, acreage or any other real estate need.

For free consultation and professional *real estate service.*

**Please contact without any obligation.**



ਅਜਾਇਬ ਜੰਡਾ

### AJAIB S JANDA

SERVING YOU SINCE 1971

**RES. 434-4660**
**434-2393**

**OFF. 321-6881**

Top salesman in Cambie office and member of the Diamond Club.

of

BB BLOCK BROS. REALTY LTD.



Phone:
321-2472

TARLOK SABLOK
SHABNAM SABLOK

# GLOBE SPICES & FOODS

**6695 Fraser (51st Ave.),**
**Vancouver, B.C.**

**Dalls, Rice, Spices, Pickles, Chutneys, Murrabas, Papads, Warian. All types of flours, Snacks, Rewdi, Gur, Almond, Pista, Cashews, Nuts, Fresh Vegetables and hundreds of other grocery items.**

**Also Punjabi and Hindi Books, Musical Tapes -Songs** and Kirtan.

**Special discounts for marriages, Religious ceremonies and bulk orders. For out of town orders — Special shipping arrangements.**

ਗਲੋਬ ਸਪਾਈਸਜ਼ ਐਂਡ ਫੂਡਜ਼ ਤੇ ਹਰ ਕਿਸਮ ਦੀ
ਭਾਰਤੀ ਗਰੋਸਰੀ, ਪੁਸਤਕਾਂ ਅਤੇ ਟੇਪਾਂ ਮਿਲ
ਸਕਦੀਆਂ ਹਨ। ਵਿਆਹ ਸ਼ਾਦੀਆਂ ਅਤੇ ਹੋਰ ਵਿਸ਼ੇਸ਼
ਸਮਾਗਮਾਂ ਸਮੇਂ ਭਾਰੀ ਰਿਆਇਤ ਦਿੱਤੀ ਜਾਂਦੀ ਹੈ।

MON. to THURSDAY — 9.30 to 7.00 P.M.
FRIDAY — 9.30 to 9.00 P.M.
SUNDAY — 12.00 to 4.00 P.M.

ਗਲੋਬ ਸਪਾਈਸਜ਼ ਐਂਡ ਫੂਡਜ਼

6695 ਫਰੇਜ਼ਰ, ਵੈਨਕੂਵਰ

ਸਥਾਈ ਕਾਲਮ

**ਸੰਜੀਵਨੀ ਬੂਟੀ**

(ਹਾਸ ਰਸ)

# ਅੱਗ ਲਾਈ ਤੇ ਕੁੱਤਾ ਕੰਧ ਤੇ

(ਗੁਰਨਾਮ ਸਿੰਘ ਤੀਰ)

ਹਾਈਕੋਰਟ ਵਿਚ ਇਕ ਇਸਤਰੀ ਐਮ. ਐਲ. ਏ. ਵਿਰੁਧ ਇਲੈਕਸ਼ਨ ਪਟੀਸ਼ਨ ਚਲ ਰਹੀ ਸੀ। ਉਸਦਾ ਵਕੀਲ ਬੜੀਆਂ ਵੱਧੀਆ ਸੋਹਣੀਆਂ ਦਲੀਲਾਂ ਦੇ ਕੇ ਪਟੀਸ਼ਨ ਕਰਨ ਵਾਲੇ ਦੀ ਉਜਰਦਾਰੀ ਕਰ ਰਿਹਾ ਸੀ। ਮੈਂ ਤੇ ਮੇਰਾ ਇੱਕ ਵਕੀਲ ਸਾਥੀ ਕਾਰਵਾਈ ਵੇਖ ਰਹੇ ਸਾਂ। ਮੈਂ ਹੌਲੀ ਦੇ ਕੇ ਉਸਨੂੰ ਕਿਹਾ, “ਇਹ ਮੁੰਡਾ ਇਕ ਦਿਨ ਅੱਛਾ ਵਕੀਲ ਬਣੇਗਾ।” ਮੇਰਾ ਸਾਥੀ ਵਕੀਲ ਕਹਿਣ ਲਗਾ, “ਵੇਖ ਤਾਂ ਸਹੀ ਮੈਂ ਹੁਣੇ ਇਸਦੇ ਛਿੱਤਰ ਪੁਆ ਦਿੰਦਾ ਹਾਂ।” ਇੰਨੇ ਨੂੰ ਜੱਜ ਨੇ ਅਗਲੀ ਪੇਸ਼ੀ ਦੀ ਤਾਰੀਕ ਮਿਥਣ ਬਾਰੇ ਸੁਝਾਅ ਮੰਗੇ। ਪਟੀਸ਼ਨਰ ਦਾ ਵਕੀਲ ਕਹਿਣ ਲਗਾ, “ਪਹਿਲੀ ਦਸੰਬਰ ਠੀਕ ਹੈ ਜੀ।” ਮੇਰੇ ਸਾਥੀ ਵਕੀਲ ਨੇ ਇਸ ਇਕੋ ਫਿਕਰੇ ਤੋਂ ਲਾਭ ਉਠਾਇਆ ਤੇ ਮੇਰੇ ਲਾਗੇ ਬੈਠੀ ਇਸਤਰੀ ਐਮ. ਐਲ. ਏ ਨੂੰ ਕਿਹਾ, “ਬੀਬੀ ਜੀ ! ਤੁਹਡਾ ਵਕੀਲ ਕਿੱਡਾ ਉਲੂ ਹੈ, ਅਗਲੀ ਧਿਰ ਵਾਲੇ ੨੭ ਦਸੰਬਰ ਮੰਗਦੇ ਹਨ ਤੇ ਇਹ ਪਹਿਲੀ ਦਸੰਬਰ ਦੀ ਤਰੀਕ ਦੀਆਂ ਗੱਲਾਂ ਕਰਦਾ ਹੈ। ਤੁਸੀਂ ਤਾਂ ਐਮ. ਐਲ. ਏ. ਬਣੇ ਹੋਏ ਹੋ, ਤੁਹਾਡੇ ਵਲੋਂ ਭਾਵੇਂ ਅਗਲੇ ਸਾਲ ਦੀ ੨੭ ਦਸੰਬਰ ਦੀ ਤਾਰੀਕ ਮੰਗ ਲੈਣ, ਤੁਹਾਡਾ ਕੀ ਨੁਕਸਾਨ ਹੈ। ਪਰ ਜਾਪਦਾ ਹੈ ਕਿ ਤੁਹਾਡਾ ਇਹ ਅਨਾੜੀ ਵਕੀਲ ਤੁਹਾਡੇ ਵਿਰੁਧ ਇਲੈਕਸ਼ਨ ਪਟੀਸ਼ਨ ਦਾ ਫੈਸਲਾ ਕਰਵਾ ਕੇ ਹੀ ਹਟੇਗਾ।”

ਇਸਤਰਾਂ ਜਾਪਿਆ ਜਿਸਤਰਾਂ ਇਸਤਰੀ ਐਮ. ਐਲ. ਏ. ਤੇ ਪਟਰੋਲ ਦਾ ਸਾਰਾ ਡਰੱਮ ਡੁਲ੍ਹ ਗਿਆ ਹੁੰਦਾ ਹੈ ਤੇ ਉਹ ਭੁੜਕ ਕੇ ਉੱਠੀ। ਖੜੀ ਹੋਕੇ ਅਦਾਲਤ [illegible] “ਜੱਜ ਸਾਹਿਬ ! ਮੈਂ ਆਪਣੇ ਇਸ ਵਕੀਲ ਨੂੰ ਬਰਖਾਸਤ ਕਰਦੀ ਹਾਂ। ਤੁਸੀਂ ੨੭ ਦਸੰਬਰ ਦੀ ਤਾਰੀਕ ਦੇ ਦਿਓ, ਉਦੋਂ ਤਕ ਕਿਸੇ ਸਮਝਦਾਰ ਵਕੀਲ ਦਾ ਪ੍ਰਬੰਧ ਕਰ ਲਵਾਂਗੀ।” ਮੇਰੇ ਲਾਗੇ ਬੈਠਾ ਵਕੀਲ ਹੱਸਦਾ ਹੱਸਦਾ ਅਦਾਲਤ ਦੇ ਕਮਰੇ ਚੋਂ ਬਾਹਰ ਚਲਿਆ ਗਿਆ।

ਮੁੱਕਤਸਰ ਦੀ ਗੱਲ ਹੈ ਉਥੋਂ ਦੇ ਇਕ ਸਕੂਲ ਵਿੱਚ ਦੋ ਮਾਸਟਰਾਂ ਦੀ ਆਪੱ ਵਿੱਚ ਬੜੀ ਗੂੜੀ ਦੋਸਤੀ ਸੀ। ਦੋਵੇਂ ਇਕੱਠੇ ਇਕੋ ਕਮਰੇ ਵਿੱਚ ਰਿਹਾ ਕਰਦੇ ਸਨ ਅਤੇ ਕਿਚਨ ਵਿੱਚ ਹਰ ਵੇਲੇ ਇਕੋ ਸਮੇਂ ਰੋਟੀ ਖਾਇਆ ਕਰਦੇ ਸਨ। ਇਕ ਤੀਸਰੇ ਮਾਸਟਰ ਨੂੰ ਇਹ ਮੁਹੱਬਤ ਕੁਝ ਚੁੱਭਦੀ ਸੀ। ਉਹ ਉਹਨਾਂ ਦੋਹਾਂ ਵਿਚੋਂ ਇੱਕ ਨੂੰ ਕਹਿਣ ਲਗਾ ਕਿ ਤੁਸੀਂ ਆਪਣੇ ਭਾਂਡੇ ਚੂਰ ਦੀ ਅੱਗ ਵਿਚ ਪਾਕੇ ਸਾਫ ਕਰੋ ਤਾਂ ਬਹੁਤ ਹੀ ਲਿਸ਼ਕਣਗੇ। ਉਹ ਮਾਸਟਰ ਇਸ ਸੁਝਾਓ ਨੂੰ ਮਨ ਗਿਆ ਤੇ ਕਹਿਣ ਲਗਾ, “ਅਜ ਸ਼ਾਮ ਨੂੰ ਇਸਤਰਾਂ ਹੀ ਮਾਂਜਾਂਗਾ।” ਇਸ ਗੱਲ ਦੀ ਪੁਸ਼ਟੀ ਹੋਣ ਉਪਰੰਤ ਉਹ ਦੂਜੇ ਮਾਸਟਰ ਨੂੰ ਕਹਿਣ ਲਗਾ, “ਤੂੰ ਇਸ ਦਾ ਬੜਾ ਯਾਰ ਬਣਿਆ ਫਿਰਦਾ ਹੈਂ ਤੇ ਬੁਰਕੀ ਨਾਲ ਬੁਰਕੀ ਲਾਕੇ ਰੋਟੀ ਖਾਂਦਾ ਹੈ ਪਰ ਤੇਰੇ ਸਾਥੀ ਨੂੰ ਸ਼ਕ ਹੈ ਕਿ ਤੈਨੂੰ ਤਪਦਿਕ ਹੈ ਤੇ ਇਸ ਦਾ ਸਬੂਤ ਅਜ ਸ਼ਾਮ ਨੂੰ ਦੇਖ ਲਵੀਂ। ਜਦੋਂ ਇਸ ਨੇ ਤੇਰੇ ਭਾਂਡੇ ਚੂਰਦੀ ਅੱਗ ਵਿਚ ਸੁਟ ਕੇ ਮਾਂਜੇ।”

ਇਹੋ ਗੱਲ ਹੋਈ। ਸ਼ਾਮ ਨੂੰ ਜਦੋਂ ਭਾਂਡੇ ਮਾਂਜਣ ਦਾ ਮੌਕਾ ਆਇਆ ਤਾਂ ਦੂਸਰੇ ਮਾਸਟਰ ਨੇ ਚੂਰਦੀ ਭੁਬਲ ਵਿੱਚ ਥਾਲੀ ਤੇ ਕੌਲੀਆਂ ਸੁਟ ਲਈਆਂ। ਇਸ ਤੋਂ ਪਹਿਲਾਂ ਕਿ ਭਾਂਡੇ ਮਾਂਜਣਾ ਸ਼ੁਰੂ ਕਰ ਦਿੰਦਾ, ਪਹਿਲੇ ਮਾਸਟਰ ਨੇ ਭਾਂਡੇ ਮਾਂਜਣ ਵਾਲੇ ਨੂੰ ਮਾਂਜਣਾ ਸ਼ੁਰੂ ਕਰ ਦਿਤਾ ਤੇ ਜ਼ੋਰ ਜ਼ੋਰ ਦੀ ਕਹਿਣ ਲਗਾ, “ਤਪਦਿਕ ਹੋਵੇ ਤੈਨੂੰ, ਤਪਦਿਕ ਹੋਵੇ ਤੇਰੇ ਪਿਓ ਨੂੰ ਤੇ ਤਪਦਿਕ ਤੇਰੇ ਟੱਬਰ ਨੂੰ।” ਤੀਜਾ ਮਾਸਟਰ ਦੂਰ ਬੈਠਾ ਮੁਸਕਰਾ ਰਿਹਾ ਸੀ।

ਮੇਰੇ ਇੱਕ ਦੋਸਤ ਦਾ ਨਵਾਂ ਨਵਾਂ ਵਿਆਹ ਹੋਇਆ। ਉਹ ਆਪਣੀ ਪਤਨੀ ਨੂੰ ਸਿਨਮਾ ਵਿਖਾ ਕੇ ਲਿਆਇਆ। ਦੋਵੇਂ ਜੀਅ ਕਬੂਤਰਾਂ ਦੀ ਜੋੜੀ ਵਾਂਗ ਹੱਸਦੇ ਖੇਡਦੇ ਆ ਰਹੇ ਸਨ। ਅਗੋਂ ਉਹਨਾਂ ਨੂੰ ਪਿੰਡ ਦੇ ਪ੍ਰਸਿਧ ਖੜਪੈਂਚ ਗਵਰਧਨ ਚੌਧਰੀ ਹੁਰੀਂ ਮਿਲ ਪਏ। ਵਿਆਂਦੜ ਨੇ ਸੋਚਿਆ ਕਿ ਖੜਪੈਂਚ ਕੋਲੋਂ ਆਪਣੀ ਵਹੁਟੀ ਨੂੰ ਅਸ਼ੀਰਵਾਦ ਦੁਆਈ ਜਾਵੇ। ਉਸਨੇ ਹੌਲੀ ਜਿਹੀ ਆਪਣੀ ਵਹੁਟੀ ਦੇ ਕੰਨ ਵਿਚ ਕੁੱਝ ਕਿਹਾ ਤੇ ਵਹੁਟੀ ਨੇ ਅਗਾਂਹ ਵਧਕੇ ਗਵਰਧਨ ਚੌਧਰੀ ਦੇ ਪੈਰੀਂ ਹੱਥ ਲਾਇਆ। ਗਵਰਧਨ ਚੌਧਰੀ ਮੁਸਕਰਾ ਕੇ ਕਹਿਣ ਲਗਾ, “ਕਾਕਾ, ਇਹ ਬੀਬੀ ਕੌਣ ਹੈ ?” ਕਾਕਾ ਜੀ ਬੋਲੇ, “ਤਾਇਆ ਜੀ, ਇਹ ਤੁਹਾਡੀ ਨੂੰਹ ਹੈ।” ਚੌਧਰੀ ਸਾਹਿਬ ਮੁਸਕੜੀਆਂ ਹੱਸੇ ਤੇ ਪੂਰੀ ਅਦਾਕਾਰੀ ਨਾਲ ਕਹਿਣ ਲਗੇ, “ਮੁੰਡਿਆ, ਤੂੰ ਵੀ ਬੜਾ ਘੱਨਚਕਰ ਹੈਂ। ਪਿਛਲੇ ਹਫਤੇ ਤਾਂ ਕਾਲਿਜ ਦੇ ਸਾਹਮਣੇ ਕਿਸੇ ਹੋਰ ਕੁੜੀ ਤੋਂ ਮੇਰੇ ਪੈਰੀਂ ਹੱਥ ਲੁਆਇਆ ਸੀ ਤੇ ਕਹਿੰਦਾ ਸੀ ਕਿ ਇਹ ਤੇਰੀ ਨੂੰਹ ਹੈ। ਤੇ ਹੁਣ ਤੂੰ ਠੀਕ ਠੀਕ ਦਸ ਦੇ ਕਿ ਉਹ ਅਸਲੀ ਨੂੰਹ ਹੈ ਜਾਂ ਇਹ ਅਸਲੀ ਹੈ।” ਮੁੰਡਾ ਹੱਕਾ ਬੱਕਾ ਹੋ ਕੇ “ਤਾਇਆ, ਤਾਇਆ” ਕਰ ਰਿਹਾ ਸੀ ਤੇ ਕੁੜੀ ਰੋਂਦੀ ਰੋਂਦੀ ਆਪਣੀ ਕਿਸਮਤ ਨੂੰ ਕੋਸ ਰਹੀ ਸੀ।

ਰੋਹਤਕ ਜਿਲੇ ਦੇ ਇਕ ਪਿੰਡ ਵਿੱਚ ਇਕ ਬਾਂਦਰ ਨੇ ਬੜਾ ਹੀ ਫਤੂਰ ਮਚਾਇਆ ਹੋਇਆ ਸੀ। ਸਾਰਾ ਪਿੰਡ ਬਾਂਦਰ ਤੋਂ ਦੁੱਖੀ ਸੀ। ਇਕ ਦਿਨ ਪਿੰਡ ਦੇ ਲੋਕਾਂ ਨੇ ਸਰਬ ਸੰਮਤੀ ਨਾਲ ਬਾਂਦਰ ਨੂੰ ਮਾਰ ਮੁਕਾਉਣ ਦਾ ਫੈਸਲਾ ਕਰ ਲਿਆ। ਸਾਰੇ ਜਣੇ ਡਾਂਗਾਂ, ਸੋਟੇ, ਨੇਜੇ ਤੇ ਗੰਡਾਸੇ ਲੈ ਕੇ ਬਾਂਦਰ ਦੇ ਮਗਰ ਪੈ ਗਏ। ਬਾਂਦਰ ਭੱਜ ਕੇ ਇਕ ਪਿੱਪਲ ਤੇ ਚੜ੍ਹ ਗਿਆ ਤੇ ਪਿੰਡ ਵਾਲਿਆਂ ਨੇ ਪਿੱਪਲ ਨੂੰ ਘੇਰਾ ਪਾ ਲਿਆ। ਤੇ ਲੋਕ ਥਲਿਓਂ ਰੋੜੇ ਚਲਾ ਰਹੇ ਸਨ ਤੇ ਬਾਂਦਰ ਉਪਰ ਬੈਠਾ ਘੀਂ, ਘੀਂ, ਕਰ ਰਿਹਾ ਸੀ। ਇਨੇ ਨੂੰ ਇਕ ਬੰਦੇ ਨੂੰ ਸ਼ਰਾਰਤ ਸੁੱਝੀ। ਉਸ ਨੇ ਪਿੰਡ ਦੇ ਇਕ ਲੱਠਮਾਰ ਬਦਮਾਸ਼ ਨੂੰ, ਜਿਹੜਾ ਦਾਰੂ ਦੀ ਘੁੱਟ ਪੀ ਕੇ ਆਪਣੇ ਘਰ ਹੀ ਲੰਮਾ ਪਿਆ ਸੀ, ਜਾ ਭੜਕਾਇਆ। ਉਸ ਨੂੰ ਕਿਹਾ ਗਿਆ, "ਜੇ ਅਜ ਬਾਂਦਰ ਮਰ ਗਿਆ ਤਾਂ ਕਲ ਨੂੰ ਸਾਰਾ ਪਿੰਡ ਇਸੇ ਤਰ੍ਹਾਂ ਇਕੱਠਾ ਹੋ ਕੇ ਤੇਰੀ ਖੁੰਬ ਠਪੇਗਾ ਤੇ ਜੇ ਤੂੰ ਬਾਂਦਰ ਨੂੰ ਬੱਚਾ ਲਵੇਂ ਤਾਂ ਸਾਰਾ ਪਿੰਡ ਤੇਰਾ ਪਾਣੀ ਭਰੇਗਾ।" ਲੱਠਮਾਰ ਮੁਛਾਂ ਤੇ ਹੱਥ ਫੇਰਦਾ ਹੋਇਆ ਦੁਨਾਲੀ ਚੁੱਕਕੇ ਪਿੱਪਲ ਹੇਠਾਂ ਜਾ ਖਲੋਤਾ ਤੇ ਬੜੇ ਅੰਦਾਜ਼ ਨਾਲ ਪੁੱਛਣ ਲਗਾ, "ਕਿਉਂ ਬਈ ਇਹ ਕਾਹਦਾ ਇਕੱਠ ਹੈ ?" ਇਕੱਠ 'ਚੋਂ ਇਕ ਸਿਆਣੇ ਬੰਦੇ ਨੇ ਬਾਂਦਰ ਹਥੋਂ ਜਨਤਾ ਦੇ ਦੁਖੀ ਹੋਣ ਦੀ ਗੱਲ ਛੇੜੀ ਤੇ ਕਿਹਾ, "ਕਿ ਅੱਜ ਬਾਂਦਰ ਦਾ ਫਸਤਾ ਵਢਣ ਲਈ ਇਕੱਠੇ ਹੋਏ ਹਾਂ।" ਲੱਠ-ਮਾਰ ਕਹਿਣ ਲਗਾ, "ਕੀ ਸਾਰੇ ਦਾ ਸਾਰਾ ਪਿੰਡ ਬਾਂਦਰ ਦੇ ਖਿਲਾਫ ਹੈ ਤੇ ਬਾਂਦਰ ਵੱਲ ਕੋਈ ਵੀ ਨਹੀਂ ?"

ਇਕ ਮਿੰਟ ਲਈ ਸਨਾਟਾ ਛਾ ਗਿਆ। ਲੱਠਮਾਰ ਫਿਰ ਬੋਲਿਆ, "ਜੇ ਸਾਰੇ ਪਿੰਡ ਵਿਚੋਂ ਬਾਂਦਰ ਵਲ ਕੋਈ ਨਹੀਂ ਤਾਂ ਲਉ ਸੁਣੋ ਮੈਂ ਬਾਂਦਰ ਵਲ ਹਾਂ।" ਲੋਕ ਹੱਕੇ ਬੱਕੇ ਰਹਿ ਗਏ। ਲੱਠਮਾਰ ਨੇ ਹੌਂਸਲਾ ਕਰਕੇ ਫਿਰ ਕਿਹਾ, "ਔਹ ਵੇਖੋ, ਮੈਂ ਲਕੀਰ ਖਿੱਚ ਦਿਤੀ ਹੈ ਜੋ ਬਾਂਦਰ ਵਲ ਹਨ ਉਹ ਮੇਰੇ ਨਾਲ ਲਕੀਰ ਦੇ ਇਸ ਪਾਸੇ ਆ ਜਾਣ ਤੇ ਜਿਹੜੇ ਬਾਂਦਰ ਦੇ ਵੈਰੀ ਹਨ ਉਹ ਸਾਹਮਣੇ ਖੜ ਕੇ ਦਰਸ਼ਨ ਦੇਣ।" ਵਿੰਹਦਿਆਂ ਵਿੰਹਦਿਆਂ ਅੱਧਾ ਪਿੰਡ ਬਾਂਦਰ ਵਲ ਤੇ ਅੱਧਾ ਪਿੰਡ ਉਸਦੇ ਵਿਰੁਧ ਖੜਾ ਹੋ ਗਿਆ। ਫਿਰ ਥੋੜੀ ਜਿਹੀ ਗਰਮਾ ਗਰਮੀ ਪਿਛੋਂ ਸਾਰੇ ਪਿੰਡ ਦਾ ਮਹਾਂਭਾਰਤ ਸ਼ੁਰੂ ਹੋ ਗਿਆ।

ਅਣਗਿਣਤ ਬੰਦੇ ਫਟੜ ਹੋਏ ਤੇ ਉਹਨਾਂ ਨੂੰ ਮੰਜੀਆਂ ਤੇ ਪਾ ਪਾ ਕੇ ਉਥੋਂ ਚੁੱਕਿਆ ਗਿਆ। ਬਾਂਦਰ ਅਜੇ ਵੀ ਪਿਪਲ ਤੇ ਬੈਠਾ ਸੀ ਤੇ ਲਠਮਾਰ ਨੂੰ ਭੜਕਾਉਣ ਵਾਲਾ ਦੂਰ ਖੜਾ ਨਜ਼ਾਰਾ ਵੇਖ ਰਿਹਾ ਸੀ।

ਇਕ ਵੱਡੀ ਉਮਰ ਦਾ ਮੁੰਡਾ ਜਿਸਦਾ ਵਿਆਹ ਨਹੀਂ ਸੀ ਹੋ ਰਿਹਾ ਆਪਣੀ ਮਾਂ ਨੂੰ ਪੁੱਛਣ ਲਗਾ, "ਮਾਂ ਕੀ ਵਾਕਿਆ ਹੀ ਮੇਰਾ ਵਿਆਹ ਨਹੀਂ ਹੋਵੇਗਾ ?" ਉਸ ਦੀ ਮਾਂ ਉਸ ਨੂੰ ਹੌਂਸਲਾ ਦੇਕੇ ਕਹਿਣ ਲਗੀ, "ਪੁਤ ਤੇਰਾ ਵਿਆਹ ਕਿਉਂ ਨਹੀਂ ਹੋਵੇਗਾ ? ਤੇਰਾ ਵੀ ਜਰੂਰ ਹੋਵੇਗਾ, ਤੇਰੇ ਘਰ ਵੀ ਵਹੁਟੀ ਆਵੇਗੀ ਤੂੰ ਵੀ ਪੁੱਤਾਂ ਧੀਆਂ ਵਾਲਾ ਹੋਵੇਂਗਾ, ਮੈਨੂੰ ਵੀ ਕੋਈ ਮੱਥਾ ਟੇਕੇਗੀ ਤੇ ਸਾਡੇ ਵਿਹੜੇ ਵਿਚ ਵੀ ਬੱਚੇ ਖੇਲਣਗੇ।" ਇੰਨੇ ਨੂੰ ਇਕ ਸ਼ਰੀਕ ਵਿਚੋਂ ਬੋਲ ਪਿਆ ਤੇ ਕਹਿਣ ਲਗਾ, "ਹਰਨਾਮ ਕੁਰੇ, ਤੇਰੇ ਮੁੰਡੇ ਦਾ ਵਿਆਹ ਤਾਂ ਛੇਤੀ ਹੋ ਜਾਣਾ ਪਰ ਇਸ ਨੂੰ ਇਕ ਗਲ ਪੁਛ ਲੈ ਕਿ ਜਦੋਂ ਵਹੁਟੀ ਘਰ ਆ ਗਈ ਤਾਂ ਫਿਰ ਉਸ ਨੂੰ ਪੇਕੀਂ ਜਾਣ ਦੇਵੇਗਾ ਕਿ ਨਹੀਂ ?" ਮਾਂ ਕਹਿਣ ਲਗੀ, "ਇੰਦੋ ਦੇ ਭਾਈਆ ਇਹ ਤਾਂ ਰਿਵਾਜ ਬਣਿਆ ਆਇਆ ਕਿ ਵਹੁਟੀ ਦੋ ਚਾਰ ਵਾਰੀ ਪੇਕੀਂ ਜ਼ਰੂਰ ਜਾਂਦੀ ਹੈ ਤੇ ਸਾਡੇ ਕਾਕੇ ਦੀ ਵਹੁਟੀ ਵੀ ਪੇਕੀਂ ਜਾਵੇਗੀ।" ਕਾਕਾ ਰੋਹਬ ਨਾਲ ਮਾਂ ਨੂੰ ਕਹਿਣ ਲਗਾ, "ਇਹ ਕਦੇ ਨਹੀਂ ਹੋ ਸਕਦਾ, ਮੈਂ ਉਸ ਨੂੰ ਬਿਲਕੁਲ ਪੇਕੀਂ ਨਹੀਂ ਜਾਣ ਦੇਣਾ।" ਮਾਂ ਤਰਲੇ ਪਾਕੇ ਕਹਿਣ ਲਗੀ; "ਨਾ ਪੁਤ ਇਕ ਵਾਰ ਤਾਂ ਜ਼ਰੂਰ ਜਾਏਗੀ" ਮੁੰਡਾ ਤੈਸ਼ ਵਿਚ ਆਕੇ ਕਹਿਣ ਲਗਾ, "ਤੂੰ ਕਰਦੀ ਚੁੱਪ ਕਿ ਘੁਟਾਂ ਤੇਰਾ ਸੰਘ; ਉਹ ਵਹੁਟੀ ਤੇਰੀ ਹੈ ਕਿ ਮੇਰੀ ? ਚਲ ਨਿਕਲ ਇਥੋਂ ਇਸ ਘਰ ਵਿਚ ਤੇਰੇ ਵਰਗੀ ਸੱਸ ਦੀ ਲੋੜ ਨਹੀਂ।" ਫਿਟਣੀਆਂ ਦਾ ਫੋਟ ਇੰਦੋ ਦਾ ਭਾਈਆ ਇੰਜ ਖੜਾ ਦੇਖ ਰਿਹਾ ਸੀ ਜਿਵੇਂ ਸੱਚਮੁੱਚ ਗ੍ਰਹਿਸਤ ਦਾ ਨਾਟਕ ਚਲ ਰਿਹਾ ਹੁੰਦਾ ਹੈ।

ਜ਼ਿਲਾ ਫਰੀਦਕੋਟ ਦੇ ਇਕ ਰੱਜੇ ਪੁਜੇ ਪਿੰਡ ਵਿਚੋਂ ਇਕ ਜੰਜ ਜ਼ਿਲਾ ਲੁਧਿਆਣੇ ਦੇ ਇਕ ਬੜੇ ਅਗਾਂਹ ਵਧੂ ਪਿੰਡ ਵਿਚ ਢੁੱਕੀ। ਮੁੰਡੇ ਦੇ ਪਿਓ ਨੇ ਮੂੰਹ ਮੰਗਿਆ, ਕਿਹਾ ਕਿ "ਲੀੜੇ ਕਪੜੇ ਤੇ ਸੋਨੇ ਦੇ ਗਹਿਣਿਆਂ ਤੋਂ ਉਪਰੰਤ ਇਕ ਠੰਡੇ ਪਾਣੀ ਵਾਲੀ ਪੇਟੀ ਭਾਵ ਕਿ ਫਰਿਜ ਤੇ ਇਕ ਥੋੜਾ ਪਟਰੋਲ ਪੀਣ ਵਾਲੀ ਤੇ ਬਹੁਤਾ ਭਜਣ ਵਾਲੀ ਕਾਰ ਲਵਾਂਗੇ।" ਕੁੜੀ ਵਾਲੇ ਸਭ ਕੁਝ ਦੇਣਾ ਮੰਨ ਗਏ। ਇਕ ਨਿੰਦਕ ਜਿਹੜਾ ਜੰਜ ਦੇ ਨਾਲ ਪਿੰਡ 'ਚੋਂ ਮੁੰਡੇ ਦਾ ਚਾਚਾ, ਤਾਇਆ ਬਣਕੇ ਆਇਆ ਸੀ ਆਪਣੇ ਥਾਂ ਤੇ ਬੜਾ ਔਖਾ ਸੀ। ਉਹ ਹੋਲੀ ਦੇ ਕੇ ਕੁੜੀ ਦੇ ਪਿਓ ਨੂੰ ਜੋ ਇਕ ਪ੍ਰਸਿਧ ਡਾਕਟਰ ਸੀ ਕਹਿਣ ਲਗਾ, "ਸਰਦਾਰ ਸਾਹਿਬ ਤੁਸੀਂ ਤਾਂ ਰਾਜੇ ਹੋ ਰਾਜੇ ਤੇ ਦੇਣ ਲੈਣ ਦੀ ਕੋਈ ਕਸਰ ਨਹੀਂ ਛਡੀ। ਕਿੰਨਾਂ ਚੰਗਾ ਹੁੰਦਾ ਜੇ ਇਹ ਸਾਰਾ ਕੁਝ ਦੇਣ ਦੀ ਥਾਂ ਕਿਧਰੇ ਮੁੰਡੇ ਦੀ ਮਿਰਗੀ ਦਾ ਇਲਾਜ ਕਰਵਾ ਦਿੰਦੇ ਤੇ ਕੁੜੀ ਵੀ ਸੁਖੀ ਵਸਦੀ ਤੇ ਅਸੀਂ ਵੀ ਸਮਝਦੇ ਕਿ ਲਾਇਕ ਡਾਕਟਰਾਂ ਨਾਲ ਵਾਹ ਪਿਆ ਹੈ।" ਇਹ ਗਲ ਸੁਣ ਕੇ ਕੁੜੀ ਦੇ ਪਿਓ ਨੂੰ ਅੱਗ ਲਗ ਗਈ ਤੇ ਉਸ ਨੇ ਪਾਗਲਖਾਨੇ ਦੇ ਮਰੀਜ਼ਾਂ ਵਾਂਗ ਜਾਂਞੀਆਂ ਨੂੰ ਕਹਿਣਾ ਸ਼ੁਰੂ ਕਰ ਦਿਤਾ, "ਨਿਕਲ ਜਾਓ ਸਾਡੇ ਪਿੰਡ ਵਿਚੋਂ, ਚਲੇ ਜਾਓ ਜਿਧਰੋਂ ਆਏ ਹੋ, ਲਗ ਗਿਆ ਪਤਾ ਤੁਹਾਡੀ ਕਰਤੂਤ ਦਾ।" ਜੰਜ ਚਾਹ ਪਾਣੀ ਪੀਤਿਓਂ ਬਗੈਰ ਹੀ ਮੁੜ ਰਹੀ ਸੀ ਅਤੇ ਮੁੰਡੇ ਦਾ ਚਾਚਾ ਜੰਜ ਵਾਲਿਆਂ ਨੂੰ ਕਹਿ ਰਿਹਾ ਸੀ "ਅਸੀਂ ਤਾਂ ਸੁਣਦੇ ਸੀ ਕਿ ਸਾਡਾ ਕੁੜਮ ਬੜਾ ਪ੍ਰਸਿਧ ਹੈ ਪਰ ਇਹ ਤਾਂ ਕਿਸੇ ਪਾਗਲਖਾਨਿਓਂ ਛੁਟ ਕੇ ਆਇਆ ਹੋਇਆ ਲਗਦਾ ਹੈ।"

ਇਕ ਕਾਲਜ ਦੇ ਮੁੰਡੇ ਹੋਸਟਲ ਦੇ ਵਾਰਡਨ ਤੋਂ ਬਹੁਤ ਔਖੇ ਸਨ ਕਿਉਂਕਿ ਉਹ ਤਰਦਾ ਤਰਦਾ ਰਾਸ਼ਨ ਆਪ ਖਾ ਜਾਂਦਾ ਸੀ ਤੇ ਮੁੰਡਿਆਂ ਦੇ ਮਹਿਮਾਨਾਂ ਦੀਆਂ ਨਕਲੀ ਹਾਜਰੀਆਂ ਲਾ ਛਡਦਾ ਸੀ। ਇਕ ਮੁੰਡੇ ਨੇ ਵਾਰਡਨ ਦੇ ਮੁਫੱਤ ਖਾਧੇ ਮੁਰਗੇ ਕੱਢਣ ਦੀ ਵਿਧੀ ਸੋਚੀ। ਉਸ ਨੇ ਇਕ ਛਤਰੀ ਉੱਤੇ ਕੁਝ ਲਿਖਵਾ ਕੇ

ਰਖ ਲਿਆ ਅਤੇ ਕਾਲਿਜ ਦੇ ਪ੍ਰਿੰਸੀਪਲ ਨੂੰ ਦੁਪਹਿਰ ਦਾ ਖਾਣਾ ਖਾਣ ਲਈ ਨਿਮੰਤਰਣ ਦੇ ਦਿਤਾ। ਨਾਲ ਪ੍ਰਿੰਸੀਪਲ ਨੂੰ ਇਹ ਵੀ ਅਖਵਾ ਭੇਜਿਆ ਕਿ ਜਨਾਬ ਇਸ ਗਲ ਤੇ ਔਖੇ ਹਨ ਕਿ ਅਸੀਂ ਤੁਹਾਡਾ ਸਤਿਕਾਰ ਕਿਉਂ ਕਰਨਾ ਚਾਹੁੰਦੇ ਹਾਂ ? ਇਹ ਵੀ ਹੋ ਸਕਦਾ ਹੈ ਕਿ ਵਾਰਡਨ ਕੁਝ ਮੁੰਡਿਆਂ ਨੂੰ ਲੈ ਕੇ ਕਿਸੇ ਕਿਸਮ ਦਾ ਵਿਖਾਵਾ ਕਰੇ ਕਿਉਂਕਿ ਉਸ ਨੇ ਰਿਆਸਤ ਵਿਚ ਰਿਆਸਤ ਕਾਇਮ ਕੀਤੀ ਹੋਈ ਹੈ। ਸਾਡੇ ਸਦਾ ਪੱਤਰ ਸਦਕਾ ਹੀ ਸਗੋਂ ਨਹੀਂ ਤੁਹਾਨੂੰ ਹੋਸਟਲ ਵਿਚ ਚਲ ਰਹੀ ਲੁੱਟ ਖਸੁਟ ਵੇਖਣ ਲਈ ਖ਼ੁਦ ਆਉਣਾ ਚਾਹੀਦਾ ਹੈ।"

ਪ੍ਰਿੰਸੀਪਲ ਨੇ ਆਉਣਾ ਮੰਨ ਲਿਆ। ਸਿਖਰ ਦੁਪਹਿਰੇ ਉਹ ਹੋਸਟਲ ਪੁੱਜੇ ਤੇ ਅਗੋਂ ਮੁੰਡਿਆਂ ਨੇ ਛਤਰੀ ਤਾਣਕੇ ਵਾਰਡਨ ਦੇ ਸਿਰ ਉੱਤੇ ਕੀਤੀ ਹੋਈ ਸੀ। ਜਿਸ ਉਪਰ ਲਿਖਿਆ ਹੋਇਆ ਸੀ "ਭੁਖੇ ਪ੍ਰਿੰਸੀਪਲ ਗੋ ਬੈਕ।" ਪ੍ਰਿੰਸੀਪਲ ਸਾਹਿਬ ਹੋਸਟਲ ਤਕ ਪੁਜੇ ਪਰ ਖਾਣਾ ਖਾਣ ਦੀ ਥਾਂ ਗੁੱਸਾ ਖਾਕੇ ਵਾਪਸ ਚਲੇ ਗਏ ਤੇ ਜਾਂਦਿਆਂ ਹੀ ਸਭ ਤੋਂ ਪਹਿਲਾਂ ਆਰਡਰ ਹੋਸਟਲ ਦੇ ਵਾਰਡਨ ਦਾ ਬਿਸਤਰਾ ਗੋਲ ਕਰਨ ਦਾ ਕੀਤਾ। ਵਾਰਡਨ ਦੇ ਸ਼ੁਭਚਿੰਤਕ ਮੁੰਡੇ ਚਾਈਂ ਚਾਈਂ ਪ੍ਰਿੰਸੀਪਲ ਲਈ ਚਿਣੀਆਂ ਚੀਜ਼ਾਂ ਖਾ ਰਹੇ ਸਨ ਤੇ ਛਤਰੀ ਤੇ ਕੰਮ ਦੀ ਗਲ ਲਿਖਣ ਵਾਲੇ ਦਾ ਧੰਨਵਾਦ ਕਰ ਰਹੇ ਸਨ।

ਕਈ ਵਾਰ ਛੋਟੇ ਛੋਟੇ ਬੱਚੇ ਵੀ ਸ਼ਰਾਰਤਾਂ ਵਿਚ ਉਸਤਾਦੀ ਵਿਖਾ ਜਾਂਦੇ ਹਨ। ਇਕ ਜਗਾ ਭੂੰਡਾਂ ਦੀ ਖਖਰ ਲਗੀ ਹੋਈ ਸੀ। ਦੋ ਛੋਟੇ ਬੱਚੇ ਇਕ ਵੱਡੇ ਮੁੰਡੇ ਨੂੰ ਕਹਿਣ ਲਗੇ, "ਕਿ ਖਖਰ ਦੇ ਛੱਤੇ ਵਿੱਚ ਗੁੜ ਵਰਗੇ ਰੰਗ ਦੀ ਮਿਸਰੀ ਲਗੀ ਹੋਈ ਹੈ। ਅਸੀਂ ਉਪਰ ਚੜ੍ਹਕੇ ਖਖਰ ਡੇਗਾਂਗੇ ਤੇ ਤੂੰ ਹੇਠਾਂ ਮਿਸਰੀ ਸਾਂਭਣ ਦਾ ਪ੍ਰਬੰਧ ਕਰੀਂ।" ਉਹ ਵੱਡਾ ਮੁੰਡਾ ਮਿਸਰੀ ਸਾਂਭਣ ਲਈ ਤਿਆਰ ਹੋ ਗਿਆ। ਜਿਸ ਥਾਂ ਤੇ ਖਖਰ ਡਿਗਣੀ ਸੀ ਉਸ ਥਾਂ ਤੇ ਪੁਜ਼ੀਸ਼ਨ ਲੈ ਕੇ ਖੜੋ ਗਿਆ। ਦੂਜੇ ਦੋਵੇਂ ਉਪਰ ਚੜ੍ਹ ਗਏ ਤੇ ਆਰੀ ਨਾਲ ਖਖਰ ਵਾਲੀ ਟਾਹਣੀ ਵੱਢ ਸੁਟੀ। ਖਖਰ ਡਿਗਦੇ ਸਾਰ ਮੁੰਡੇ ਦੇ ਸਿਰ ਵਿਚ ਵੱਜੀ ਤੇ ਸੈਂਕੜੇ ਭੂੰਡ ਉਸ ਨੂੰ ਚਿੰਬੜ ਗਏ। ਉਹ ਭੂੰਡਾਂ ਦਾ ਖਾਧਾ ਤੜਫ ਰਿਹਾ ਸੀ ਤੇ ਉਪਰ ਦਰੱਖਤ ਤੇ ਚੜ੍ਹੇ ਦੋਵੇਂ ਛੋਟੇ ਸਾਥੀ ਚਾਂਘੜਾ ਮਾਰ ਰਹੇ ਸਨ।

ਚੰਡੀਗੜ੍ਹ ਵਿਚ ਇਕ ਠੇਕੇਦਾਰ ਨੇ ਇਕ ਨਵਾਂ ਮਕਾਨ ਬਣਵਾਇਆ। ਉਹ ਅਕਸਰ ਬਣਿਆ ਬਣਾਇਆ ਮਕਾਨ ਵੇਚਕੇ ਕੁਝ ਮੁਨਾਫਾ ਕਮਾ ਲੈਂਦਾ ਸੀ। ਅਗੋਂ ਹੋਰ ਨਵਾਂ ਮਕਾਨ ਉਸਾਰ ਲੈਂਦਾ। ਠੇਕੇਦਾਰ ਨੇ ਆਪਣੇ ਮਕਾਨ ਦੀ ਨਿਲਾਮੀ ਦਾ ਪ੍ਰਬੰਧ ਕੀਤਾ। ਬੋਲੀ ਦੇਣ ਵਾਲਿਆਂ ਵਿਚ ਠੇਕੇਦਾਰ ਦਾ ਇਕ ਸ਼ੁਭਚਿੰਤਕ ਵੀ ਪੁਜ ਗਿਆ। ਉਸਨੇ ਦੋ ਚਾਰ ਬੰਦਿਆਂ ਦੇ ਕੰਨ ਵਿਚ ਫੂਕ ਮਾਰੀ ਤੇ ਕਿਹਾ, "ਠੇਕੇਦਾਰ ਤਾਂ ਇਹ ਮਕਾਨ ਮੁਫਤ ਛਡਣ ਨੂੰ ਤਿਆਰ ਹੈ ਕਿਉਂਕਿ ਇਸ ਮਕਾਨ ਵਿਚ ਭੂਤਾਂ ਦਾ ਵਾਸਾ ਹੋ ਗਿਆ ਹੈ।" ਕਈ ਮੂੰਹ ਅੱਡੇ ਹੀ ਰਹਿ ਗਏ ਤੇ ਪਲੋਪਲੀ ਵਿਚ ਇਹ ਗਲ ਹਰ ਇਕ ਦੇ ਕੰਨਾਂ ਵਿਚ ਪੁਜ ਗਈ ਕਿ ਨਿਲਾਮੀ ਵਾਲਾ ਘਰ ਅਸਲ ਵਿਚ ਭੂਤਾਂ ਵਾਲਾ ਘਰ ਹੈ। ਉਸ ਦਿਨ ਨਿਲਾਮੀ ਦੀ ਗਲ ਖਟਾਈ ਵਿਚ ਪੈ ਗਈ ਤੇ ਹੌਲੀ ਹੌਲੀ ਸਾਰੇ ਸ਼ਹਿਰ ਵਿਚ ਭੂਤਾਂ ਵਾਲਾ ਘਰ ਮਸ਼ਹੂਰ ਹੋ ਗਿਆ। ਇਸ ਘਰ ਵਿਚ ਹੋਰ ਤਾਂ ਕਿਸੇ ਕੀ ਆਉਣਾ ਸੀ। ਠੇਕੇਦਾਰ ਦਾ ਆਪਣਾ ਟਬਰ ਰਹਿਣ ਲਈ ਤਿਆਰ ਨਹੀਂ ਸੀ। ਅਖੀਰ ਭੂਤਾਂ ਨਾਲੋਂ ਵੀ ਵਧੀਕ ਜਬਰਦਸਤ ਲੋਕ ਕੁਝ ਟਰੱਕ ਡਰਾਈਵਰ ੫, ੧੦ ਰੁਪਏ ਮਹੀਨੇ ਦੇ ਕਿਰਾਏ ਤੇ ਉਸ ਮਕਾਨ ਵਿਚ ਆ ਟਿਕੇ।

ਇਕ ਉਮੀਦਵਾਰ ਦਾ ਤਖੱਲਸ "ਝਟਕਾ" ਟਿਕਿਆ ਹੋਇਆ ਸੀ। ਉਂਜ ਸ਼ਾਇਦ ਉਹ ਵੈਜੀਟੇਰੀਅਨ ਹੀ ਹੋਵੇ ਪਰ ਝਟਕੇ ਦੇ ਨਾਮ ਨਾਲ ਪ੍ਰਸਿਧ ਸੀ। ਉਸਨੇ ਇਕ ਪ੍ਰਸਿਧ ਰਾਜਸੀ ਪਾਰਟੀ ਦਾਂ ਅਸੈਂਬਲੀ ਦੀ ਸੀਟ ਦਾ ਟਿਕਟ ਲੈ ਲਿਆ। ਅਤੇ ਚੋਣ ਦਮਾਮਾਂ ਵਜ ਗਿਆ। ਉਸਨੇ ਆਪਣੀ ਚੋਣ ਪਬਲਿਸਟੀ ਲਈ ਇਕ ਪ੍ਰਸਿਧ ਕਵੀਸ਼ਰ ਦੀ ਸੇਵਾ ਪ੍ਰਾਪਤ ਕੀਤੀ। ਕਵੀਸ਼ਰ ਸਾਹਿਬ ਨੇ ਚੰਗੇ ਖਾਸੇ ਬਦਾਮ ਛਕ ਕੇ ਝਟਕਾ ਸਾਹਿਬ ਵਾਸਤੇ ਇਕ ਕਵਿਤਾ ਤਿਆਰ ਕੀਤੀ। ਜਿਸ ਦਾ ਕਿ ਭਾਵ ਅਰਥ ਕੁਝ ਇਸ ਪ੍ਰਕਾਰ ਸੀ :—

"ਝਟਕਾ ਆ ਗਿਆ ਹੈ ਝਟਕਾ ਕਰੇਗਾ ਐਸਾ ਤੇ ਵਿਰੋਧੀਆਂ ਲਈ ਐਸਾ ਝਟਕਈ ਸਾਬਤ ਹੋਏਗਾ ਕਿ ਘਰ ਘਰ ਝਟਕੇ ਦੀਆਂ ਗੱਲਾਂ ਹੋਣਗੀਆਂ।" ਹਲਕੇ ਵਿਚ ੮੦% ਐਸੇ ਬੰਦੇ ਸਨ ਜਿਹੜੇ ਪੱਕੇ ਵੈਸ਼ਨੂੰ ਸਮਝੇ ਜਾਂਦੇ ਸਨ। ਉਹ ਝਟਕੇ ਦੀ ਮੁਨਾਦੀ ਸੁਣਕੇ ਕੰਨਾਂ ਵਿਚ ਉਂਗਲਾਂ ਲੈ ਲੈਂਦੇ ਸਨ। ਵੋਟਾਂ ਵਾਲੇ ਦਿਨ ਉਨ੍ਹਾਂ ਨੇ ੪੦ ਦਿਨਾਂ ਦੀ ਮੁਨਾਦੀ ਦਾ ਝਟਕਾ ਸਾਹਿਬ ਤੋਂ ਐਸਾ ਬਦਲਾ ਲਿਆ ਕਿ ਝਟਕੇ ਦਾ ਕੀਮਾ ਕਰਕੇ ਰਖ ਦਿਤਾ ਗਿਆ।

ਮੈਂ ਆਪਣਾ ਟਰੈਕਟਰ ਵੇਚਣਾ ਚਾਹੁੰਦਾ ਸਾਂ। ਮਨਸ਼ਾ ਇਹ ਸੀ ਕਿ ਟਰੈਕਟਰ ਦੇ ਪੈਸਿਆਂ ਨਾਲ ਕਾਰ ਖਰੀਦੀ ਜਾਵੇ। ਮੈਂ ਇਕ ਰਿਸ਼ਤੇਦਾਰ ਜਿੰਮੀਦਾਰ ਨੂੰ ਗਾਹਕ ਲਭਣ ਲਈ ਬੇਨਤੀ ਕੀਤੀ। ਉਹ ਅਠ ਦਸ ਤਰਦੇ ਤਰਦੇ ਗਾਹਕ ਲੈਕੇ ਸਾਡੇ ਫਾਰਮ ਤੇ ਆ ਗਿਆ। ਟਰੈਕਟਰ ਦੇ ਮੁਲ ਬਾਰੇ ਗੱਲ ਛਿੜੀ। ਮੈਂ ਕਿਹਾ, "ਅਸੀਂ ਇਹ ਟਰੈਕਟਰ ਪੱਚੀ ਹਜ਼ਾਰ ਰੁਪਏ ਦਾ ਖਰੀਦਿਆ ਸੀ। ਪਰ ਹੁਣ ਮੈਂ ਇਹ ਵੀਹ ਹਜ਼ਾਰ ਰੁਪਏ ਵਿਚ ਦੇਣ ਲਈ ਤਿਆਰ ਹਾਂ।"

ਤਿੰਨ ਚਾਰ ਜ਼ਿੰਮੀਦਾਰ ਟਰੈਕਟਰ ਖਰੀਦਣ ਲਈ ਤਿਆਰ ਹੋ ਗਏ। ਇਕ ਨੇ ਹੌਲੀ ਦੇਕੇ ਮੈਨੂੰ ਪੁਛਿਆ, "ਸਰਦਾਰ ਸਾਹਿਬ ਜੇ ਅਠਾਰਾਂ ਹਜਾਰ ਦੇ ਦਿਤਾ ਜਾਵੇ ਤਾਂ ਕੈਸਾ ਰਹੇਗਾ।" ਮੇਰਾ ਰਿਸ਼ਤੇਦਾਰ ਜਿਸ ਨੇ ਇਹ ਸਾਰੇ ਗਾਹਕ ਇਕੱਠੇ ਕੀਤੇ ਸਨ, ਅਠਾਰਾਂ ਹਜਾਰ ਦੀ ਗੱਲ ਸੁਣ ਕੇ ਭੜਕ ਉਠਿਆ ਤੇ ਤੈਸ਼ ਵਿਚ ਆ ਕੇ ਕਹਿਣ ਲਗਾ, "ਬਲੇ ! ਆਇਆ ਵੱਡਾ ਗਾਹਕ, ਅਖੇ ਅਠਾਰਾਂ ਹਜਾਰ ਲੈ ਲਉ, ਨੌਂ ਹਜਾਰ ਰੁਪਏ ਦੇ ਤਾਂ ਭੀਰ ਸਾਹਿਬ ਹੁਣ ਤਕ ਟਰੈਕਟਰ ਨੂੰ ਟਾਂਕੇ ਲੁਆ ਚੁੱਕੇ ਹਨ।" ਟਾਂਕਿਆਂ ਦਾ ਨਾਮ ਸੁਣ ਕੇ ਸਾਰੇ ਗਾਹਕ ਇਸ ਤਰਾਂ ਖਿਸਕੇ ਜਿਵੇਂ ਉਹਨਾਂ ਨੂੰ ਮਲੋਮਲੀ ਫਸਾਇਆ ਜਾ ਰਿਹਾ ਹੁੰਦਾ ਹੈ।

ਸਥਾਈ ਕਾਲਮ

## ਪੰਜ-ਆਬ

(ਪਾਕਿਸਤਾਨ ਰੰਗ)

# ਆਪਣਾ ਦੇਸ਼ ਹੈ ਪਿਆਰੇ!

ਸ਼ੌਰੋ ਸਹਿਬਾਈ (ਕਰਾਚੀ)

**ਇਕ ਕੌਮ** : ਮੇਰੇ ਨਾਲ ਉਸ ਦੀ ਮੁਲਾਕਾਤ ਰੇਲ ਗਡੀ ਵਿਚ ਹੋਈ । ਮੇਰਾ ਸਾਥੀ ਮੁਸਾਫਰ ਲਖਨਊ ਮੀਉਂਸੀਪਲ ਕਮੇਟੀ ਦਾ ਇਕ ਬੁਢਾ ਕਲਰਕ ਸੀ ; ਉਹ ਉਥੋਂ ਹਿਜਰਤ ਕਰਕੇ ਪਾਕਿਸਤਾਨ ਆ ਰਿਹਾ ਸੀ । ਹਿੰਦੁਸਤਾਨ ਦੀ ਸਰਹਦ ਤੀਕ ਉਸ ਦੀਆਂ ਅੱਖਾਂ 'ਚੋਂ ਜਨੂਨ ਝਾਂਕਦਾ ਰਿਹਾ। ਉਸ ਦੇ ਦਿਮਾਗ ਵਿਚ ਉਬਲ ਪੁਥਲ ਮਚੀ ਹੋਈ ਸੀ, ਪਰ ਪਾਕਿਸਤਾਨ ਦੀ ਹਦ ਸ਼ੁਰੂ ਹੁੰਦਿਆਂ ਸਾਰ ਉਸ ਦੀਆਂ ਬੁਝੀਆਂ ਬੁਝੀਆਂ ਅੱਖਾਂ ਵਿਚ ਇਕ ਅਜੀਬ ਜਿਹੀ ਚਮਕ ਪੈਦਾ ਹੋ ਗਈ। ਉਸ ਨੇ ਬੜੀ ਨਫਰਤ ਨਾਲ ਭਜਦੇ ਹੋਏ ਭਾਰਤੀ ਬਾਰਡਰ ਨੂੰ ਵੇਖਿਆ, ਤੇ ਫਿਰ ਮੈਨੂੰ ਕਹਿਣ ਲਗਾ, "ਤੁਸੀਂ ਜਾਣਦੇ ਹੋ, ਮੈਂ ਹਿੰਦੁਸਤਾਨ ਕਿਉਂ ਛਡਿਆ ?"

ਮੇਰੇ ਸਿਰ ਹਿਲਾਣ ਤੇ ਉਹ ਬੋਲਿਆ, "ਗਲ ਇਹ ਹੈ ਜਨਾਬ, ਕਿ ਅਜ ਤਿੰਨ ਦਿਨ ਹੋਏ ਮੇਰਾ ਬੱਚਾ ਬੀਮਾਰ ਸੀ। ਮੈਂ ਦਫਤਰ ਦੇਰ ਨਾਲ ਪੁਜਾ । ਮੈਨੂੰ ਵੇਖਦਿਆਂ ਹੀ ਹੈਡ ਕਲਰਕ ਮੇਰੇ ਤੇ ਵਰ੍ਹ ਪਿਆ, ਤੇ ਮੈਥੋਂ ਦੇਰ ਦਾ ਕਾਰਣ ਪੁਛੇ ਬਿਨਾਂ ਕਹਿਣ ਲਗਾ :

"ਤੁਸਾਂ ਲੋਕਾਂ ਪਾਸੋਂ ਕੰਮ ਨਹੀਂ ਹੋ ਸਕਦਾ, ਤਾਂ ਇਥੇ ਕਿਉਂ ਠਹਿਰੇ ਹੋਏ ਹੋ, ਜਿਨ੍ਹਾਂ ਨੇ ਚਿੱਲਾ ਚਿੱਲਾ ਕੇ ਕਿਹਾ ਸੀ ਕਿ ਹਿੰਦੂ ਮੁਸਲਮਾਨ ਦੋ ਵਖ ਵਖ ਕੌਮਾਂ ਹਨ, ਉਨ੍ਹਾਂ ਨੇ ਪਾਕਿਸਤਾਨ ਬਣਾ ਲਿਆ । ਇਹ ਪਾਕਿਸਤਾਨ ਤੁਹਾਡੇ ਲੋਕਾਂ ਲਈ ਹੀ ਬਣਿਆ ਹੈ। ਹੁਣ ਹਿੰਦੁਸਤਾਨ ਨਾਲ ਤੁਹਾਡਾ ਕੀ ਵਾਸਤਾ ? ਜੇ ਉਹ ਇਕ ਕੌਮ ਲਈ ਬਣ ਸਕਦਾ ਹੈ, ਤਾਂ ਇਥੇ ਵੀ ਦੋ ਕੌਮਾਂ ਨਹੀਂ ਰਹਿ ਸਕਦੀਆਂ।"

"ਮੈਨੂੰ ਹੈਡ ਕਲਰਕ ਦੇ ਇਨ੍ਹਾਂ ਲਫ਼ਜ਼ਾਂ ਨਾਲ ਮਾਨਸਿਕ ਕਸ਼ਟ ਹੋਇਆ । ਮੈਂ ਆਪ ਸਦਾ ਤਅੱਸਬ ਦੇ ਖਿਲਾਫ ਲੜਦਾ ਰਿਹਾ ਹਾਂ। ਮੇਰੇ ਲਈ ਸਭ ਤੋਂ ਵਡਾ ਮਜ਼ਬ ਮਨੁੱਖਤਾ ਹੈ, ਤੇ ਮਜ਼ਬ ਨੂੰ ਅਪਨਾਣ ਵਾਲੀ ਕੌਮ ਸਭ ਫਿਰਕਿਆਂ ਨਾਲ ਮਿਲਕੇ ਬਣਦੀ ਹੈ । ਇਹੀ ਕਾਰਣ ਸੀ ਕਿ ਮੈਂ ਹੈਡ ਕਲਰਕ ਦੀ ਕਿਸੇ ਗਲ ਦਾ ਜਵਾਬ ਦੇਣ ਦੀ ਥਾਂ ਫੌਰਨ ਅਸਤੀਫ਼ਾ ਦੇ ਦਿਤਾ, ਕਿਉਂਕਿ ਮੈਂ ਮਤਸਬੀ ਲੋਕਾਂ ਵਿਚਕਾਰ ਬਿਲਕੁਲ ਨਹੀਂ ਰਹਿ ਸਕਦਾ। ਅਸਤੀਫਾ ਦੇਣ ਮਗਰੋਂ ਹਿੰਦੁਸਤਾਨ ਵਿਚ ਇਕ ਪਲ ਰਹਿਣਾ ਵੀ ਮੈਨੂੰ ਪਹਾੜ ਨਿਆਈਂ ਜਾਪਦਾ ਸੀ। ਖੁਦਾ ਦਾ ਸ਼ੁਕਰ ਹੈ ਕਿ ਹਿੰਦੁਸਤਾਨ ਨੂੰ ਸਦਾ ਲਈ ਛਡ ਕੇ ਅਜਿਹੀ ਪਾਕ ਧਰਤੀ ਤੇ ਆ ਗਿਆ ਹਾਂ, ਜਿਥੇ ਇਕ ਕੌਮ ਅਰ ਇਕ ਤਮੱਦਨ ਹੈ।"

ਬੁਢਾ ਕਲਰਕ ਸ਼ਾਇਦ ਕੁਝ ਹੋਰ ਕਹਿੰਦਾ, ਪਰ ਸਟੇਸ਼ਨ ਆ ਜਾਣ ਤੇ ਸਾਡੀ ਗੱਲ ਬਾਤ ਉਥੇ ਹੀ ਖਤਮ ਹੋ ਗਈ, ਤੇ ਅਸੀਂ ਕੁਲੀਆਂ ਰਾਹੀਂ ਸਾਮਾਨ ਉਤਰਵਾਣ ਲਗੇ । ਬਕਸਾ ਉਤਾਰਣ ਸਮੇਂ ਮੇਰੇ ਸਾਥੀ ਮੁਸਾਫਰ ਦਾ ਹਥ ਕੰਬ ਗਿਆ, ਤੇ ਉਸ ਦਾ ਇਕ ਕੋਨਾ ਇਕ ਨੌਜਵਾਨ ਦੀ ਸਲਵਾਰ ਨੂੰ ਜਾ ਛੂਹਿਆ । ਫਿਰ ਕੀ ਸੀ, ਨੌਜਵਾਨ ਨੂੰ ਜੋਸ਼ ਆ ਗਿਆ। ਉਸ ਨੇ ਬੁਢੇ ਮੁਸਾਫਰ ਦੀ ਗਰਦਨ ਪਕੜ ਲਈ, ਸਿਰਫ ਇਸ ਕਸੂਰ ਕਾਰਣ ਕਿ ਉਸ ਦੇ ਬਕਸ ਨਾਲ ਜੇ ਉਸ ਦੀ ਸਲਵਾਰ ਫਟ ਜਾਂਦੀ ਤਾਂ ਕੀ ਬਣਦਾ ? ਬੁਢਾ ਕਲਰਕ ਆਪਣੀ ਗਲਤੀ ਤੇ ਸ਼ਰਮਿੰਦਾ ਸੀ, ਪਰ ਨੌਜਵਾਨ ਹਾਲੀ ਵੀ ਵਾਹਯਾਤ ਬਕੀ ਜਾ ਰਿਹਾ ਸੀ। ਮੈਂ ਵਿਚ ਪੈ ਕੇ ਉਸ ਨੂੰ ਚੁਪ ਕਰਾਣ ਦੀ ਕੋਸ਼ਸ਼ ਕੀਤੀ, ਤਾਂ ਉਹ ਘੂਰ ਕੇ ਮੇਰੀ ਸਲਵਾਰ ਵਲ ਨਜ਼ਰਾਂ ਜਮਾਂਦਿਆਂ ਹੋਇਆਂ ਕਹਿਣ ਲਗਾ :

"ਤੁਮ ਨਹੀਂ ਜਾਨਤਾ ਬਾਦਸ਼ਾਹੋ, ਕਸਮ ਈਮਾਨ ਕੀ, ਯੇਹ ਸਾਲਾ (ਪੂਰਬੀਏ) ਕੌਮ ਹੀ ਐਸਾ ਹੈ। ਮਲੂਮ ਨਹੀਂ, ਕਿਉਂ ਯਹਾਂ ਆਕਰ ਮਰਤਾ ਹੈ।"

ਮੈਂ ਆਪਣੇ ਬੁਢੇ ਸਾਥੀ ਮੁਸਾਫਰ ਵਲ ਵੇਖਿਆ, ਤਾਂ ਉਸ ਦੀਆਂ ਅੱਖਾਂ 'ਚੋਂ ਚਮਕ ਗ਼ਾਇਬ ਹੋ ਚੁਕੀ ਸੀ। ਉਹ ਮੇਰੇ ਵਲ ਵੇਖ ਇਕ ਠੰਡੀ ਆਹ ਭਰ ਕੇ ਬੋਲਿਆ, "ਮੈਨੂੰ ਨਹੀਂ ਸੀ ਪਤਾ ਸਹਿਬਾਈ ਸਾਹਿਬ......"ਉਸਦਾ ਫਿਕਰਾ ਅਜੇ ਪੂਰਾ ਨਹੀਂ ਸੀ ਹੋਇਆ, ਕਿ ਉਸ ਨੌਜਵਾਨ ਦਾ ਥਪੜ ਉਸ ਦੇ ਮੂੰਹ ਤੇ ਆਣ ਪਿਆ। ਉਹ ਸ਼ਾਇਦ ਦੋ ਤਿੰਨ ਹੋਰ ਵੀ ਜੜ੍ਹ ਦੇਂਦਾ, ਕਿ ਮੈਂ ਉਸ ਨੂੰ ਅਲਗ ਕਰਦਿਆਂ ਹੋਇਆਂ ਕਿਹਾ, "ਜਾਣ ਵੀ ਦਿਉ ਬਾਦਸ਼ਾਹੋ, ਇਹ ਸਾਲਾ ਕੌਮ ਹੀ ਐਸਾ ਹੈ।"

ਉਸ ਨੇ ਫਿਰ ਇਕ ਵਾਰ ਮੇਰੀ ਸਲਵਾਰ ਵੱਲ ਵੇਖਿਆ, ਤੇ ਬੁੜ ਬੁੜਾਂਦਾ ਹੋਇਆ ਚਲਾ ਗਿਆ। ਸਲਵਾਰ ਨੇ ਸਲਵਾਰ ਦੀ ਪਤ ਰਖ ਲਈ ਸੀ। ਉਸ ਦੇ ਜਾਣ ਪਿਛੋਂ ਬੁਢੇ ਮੁਸਾਫਰ ਨੇ ਆਪਣੀਆਂ ਅੱਖਾਂ ਨੂੰ ਮਲਿਆ ਤੇ ਨਿਹਾਇਤ ਦਰਦ ਭਰੀ ਅਵਾਜ਼ ਵਿਚ ਕਹਿਣ ਲਗਾ,

"ਕਿਉਂ ਸਹਿਬਾਈ ਸਾਹਿਬ ! ਭਾਰਤ ਵਾਪਸ ਜਾਣ ਲਈ ਹੁਣ ਇਥੋਂ ਗਡੀ ਕਿਸ ਵਕਤ ਮਿਲੇਗੀ ?" ਤੇ ਦੂਰ ਕੋਈ ਗੁਣ-ਗੁਣਾ ਰਿਹਾ ਸੀ :

ਨ ਖੁਦਾ ਹੀ ਮਿਲਾ ਨਾ ਵਸਾਲੇ ਸਨਮ ।
ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ ।

## ਇਕ ਇਨਕਵਾਇਰੀ

ਸਿੰਧ ਹੈਦਰਾਬਾਦ ਦੇ ਸਟੇਸ਼ਨ ਤੇ ਕਾਫੀ ਭੀੜ ਸੀ । ਮੁਸਾਫਰ ਬੜੀ ਬੇਚੈਨੀ ਨਾਲ ਪਿਸ਼ਾਵਰ ਐਕਸਪ੍ਰੈਸ ਦੀ ਉਡੀਕ ਕਰ ਰਹੇ ਸਨ। ਗਡੀ ਸਿਰਫ ਦੋ ਘੰਟੇ ਲੇਟ ਸੀ, ਤੇ ਇਹ ਕੋਈ ਨਵੀਂ ਗਲ ਨਹੀਂ ਸੀ, ਨ ਹੀ ਹੈਰਾਨੀ ਦੀ ਗਲ ਸੀ। ਕਦੀ ਕਦੀ ਗਡੀਆਂ ਇਸ ਤੋਂ ਵੀ ਵਧੇਰੇ ਲੇਟ ਹੋ ਜਾਂਦੀਆਂ ਹਨ ਤੇ ਲੋਕੀ ਇਸ ਨੂੰ ਬਹੁਤੀ ਅਹਮੀਅਤ ਵੀ ਨਹੀਂ ਦੇਂਦੇ, ਕਿਉਂਕਿ ਉਹ ਇਸ ਦੇ ਆਦੀ ਹੋ ਚੁਕੇ ਹਨ। ਇਕ ਗੱਡੀ ਦੇ ਲੇਟ ਹੋਣ ਦਾ ਸਵਾਲ ਹੋਵੇ, ਤਾਂ ਇਸ ਦਾ ਮਾਤਮ ਕੀਤਾ ਜਾਵੇ, ਇਥੇ ਤਾਂ ਹਰ ਕੰਮ ਹੀ ਲੇਟ ਹੁੰਦਾ ਹੈ। ਚੋਣਾਂ ਲੇਟ, ਸ਼ਰਨਾਰਥੀਆਂ ਨੂੰ ਮੁੜ ਵਸਾਣਾ ਲੇਟ, ਇਸਲਾਮੀ ਦਸਤੂਰ ਲੇਟ, ਗਲ ਕੀ ਹਰ ਕੰਮ ਨਾਲ 'ਲੇਟ' ਹੋਣਾ ਇਨਾਂ ਜ਼ਰੂਰੀ ਹੈ, ਜਿਨਾਂ ਸਰੀਰ ਨਾਲ ਰੂਹ ਦਾ ਹੋਣਾ । ਹਾਂ, ਸਾਡੇ ਲੀਡਰ ਲੇਟ ਨਹੀਂ ਹੁੰਦੇ, ਵਜ਼ਾਰਤ ਦੀ ਕੁਰਸੀ ਸੰਭਾਲਣ ਸਮੇਂ। ਬਾਕੀ ਸਭ-ਕੁਝ ਲੇਟ ਹੀ ਲੇਟ ਹੁੰਦਾ ਹੈ।

ਇਹੀ ਕਾਰਣ ਸੀ ਕਿ ਲੋਕਲ ਬੰਦੇ ਸਟੇਸ਼ਨ ਤੇ

ਮਟਰ-ਗਸ਼ਤੀ ਕਰ ਰਹੇ ਸਨ, ਪਰ ਭਾਰਤ ਤੋਂ ਆਏ ਮਹਾਜਰ ਬੜੇ ਪ੍ਰੇਸ਼ਾਨ ਸਨ। ਖੁਦਾ ਖੁਦਾ ਕਰਕੇ ਦੋ ਘੰਟੇ ਗੁਜ਼ਰੇ, ਤੇ ਮੁਸਾਫਰ, ਖੁਦਾ ਦਾ ਨਹੀਂ, ਰੇਲਵੇ ਦਾ ਸ਼ੁਕਰੀਆ ਅਦਾ ਕਰਨ ਲਗੇ ਕਿ ਇਨੇ ਨੂੰ ਕੁਲ਼ੀ ਨੇ ਐਸੀ ਖਬਰ ਸੁਣਾਈ ਕਿ ਸਾਰਿਆਂ ਦੀ ਤਬੀਅਤ ਇਕ ਦਮ ਬਹਾਲ ਹੋ ਗਈ। ਉਸ ਦਸਿਆ ਕਿ ਗਡੀ ਸ਼ਾਇਦ ਦੋ ਘੰਟੇ ਹੋਰ ਲੇਟ ਹੋ ਜਾਵੇ। ਇਸ ਖਬਰ ਨੇ ਸਭ ਦੀਆਂ ਖੁਸ਼ੀਆਂ ਮਿਟੀ ਵਿਚ ਮਿਲਾ ਦਿਤੀਆਂ। ਇਕ ਸ਼ਰਨਾਰਥੀ ਨੇ ਘਬਰਾਏ ਅੰਦਾਜ਼ ਵਿਚ ਮੈਥੋਂ ਪੁਛਿਆ, "ਕਿਉਂ ਹਜ਼ਰਤ, ਅਬ ਟਰੇਨ ਕਿਸ ਵਕਤ ਆਏਗੀ ?"

"ਕੀ ਅਰਜ਼ ਕਰਾਂ, ਇਥੇ ਤਾਂ ਅਜ ਕਲ ਸਭ **ਸੁਦੇਸ਼ੀ ਟਰੇਨਾਂ** ਚਲਦੀਆਂ ਹਨ। ਸੋ ਇਸ ਬਾਰੇ ਰੇਲਵੇ ਦੇ ਪੁਛਗਿਛ ਦਫਤਰੋਂ ਹੀ ਪਤਾ ਲੈਣਾ ਠੀਕ ਰਹੇਗਾ।"

ਮਹਾਜਰ ਸਜਣ ਮੈਨੂੰ ਨਾਲ ਲੈ ਪੁਛ ਗਿਛ ਦੇ ਦਫਤਰ ਜਾ ਪੁਜੇ ਤੇ ਕਲਰਕ ਨੂੰ ਪੁਛਣ ਲਗੇ, "ਕਿਉਂ ਹਜ਼ਰਤ, ਅਬ ਪਿਸ਼ਾਵਰ ਐਕਸਪ੍ਰੇਸ ਕਿਸ ਵਕਤ ਆਏਗੀ ?"

ਇਨਕਵਾਇਰੀ ਕਲਰਕ ਫੋਨ ਕਰ ਰਿਹਾ ਸੀ। ਮਹਾਜਰ ਦੇ ਕਈ ਵਾਰ ਪੁਛਣ ਤੇ ਉਸ ਸਿਰਫ ਇਨਾਂ ਹੀ ਉਤਰ ਦਿਤਾ, "ਅਲਾ ਹੀ ਬੇਹਤਰ ਜਾਨਤਾ ਹੈ।" ਤੇ ਫਿਰ ਉਹ ਟੈਲੀਫੂਨ ਤੇ ਆਪਣੀ ਗਲਬਾਤ ਵਿਚ ਮਸਰੂਫ ਹੋ ਗਿਆ......"ਹਾਂ ਹਾਂ, ਕੌਣ ਜਾਨੀ, ਮੈਂ ਨੂਰ ਬੋਲ ਰਿਹਾ ਹਾਂ......ਤੇਰਾ ਆਪਣਾ ਨੂਰ, ਹਾਂ ਬਈ ਕਹਿਣਾ ਇਹ ਹੈ ਕਿ ਮੈਂ ਦੋ ਸੀਟਾਂ ਬੁਕ ਕਰਵਾ ਲਈਆਂ ਹਨ, ਤੂੰ ਤਿਆਰ ਹੋ ਕੇ ਆ ਜਾਵੀਂ ਪਿਕਚਰ ਵੇਖਣ ਚਲਾਂਗੇ, ਕੀ ਕਿਹਾ ਈ ਮੈਂ ਤੇਰੇ ਘਰ ਆਵਾਂ, ਨੇਹੀਂ ਉਥੇ ਨਹੀਂ .."

ਕਲਰਕ ਦਫਤਰ ਦੇ ਫੋਨ ਤੇ ਆਪਣੀ ਮਹਿਬੂਬਾ ਨਾਲ ਪਿਆਰ ਮੁਹੱਬਤ ਦੀਆਂ ਗਲਾਂ ਕਰਨ ਲਗਾ, ਤੇ ਮੇਰੇ ਪਾਸ ਖੜੋਤੇ ਮਹਾਜਰ ਨੇ ਆਪਣਾ ਮੂੰਹ ਮੇਰੇ ਕੰਨ ਨੇੜੇ ਲਿਆ ਕੇ ਕਿਹਾ, "ਇਹ ਇਨਕਵਾਇਰੀ ਆਫਸ ਹੈ ?"

"ਨਹੀਂ ਜੀ ਇਹ ਤਾਂ ਸਿਨਮਾ ਘਰ ਹੈ।"

ਮੇਰੇ ਇਸ ਉਤਰ ਨਾਲ ਉਹ ਸਜਣ ਹਸ ਪਿਆ, ਫਿਰ ਅਸਾਂ ਦੋਹਾਂ ਮੁਸਕਰਾਂਦਿਆਂ ਹੋਇਆਂ ਕਲਰਕ ਵਲ ਵੇਖਿਆ, ਤਾਂ ਨਜ਼ਰਾਂ ਸਾਮ੍ਹਣੇ ਲਗੇ ਹੋਏ ਪੋਸਟਰ ਨਾਲ ਜਾ ਟਕਰਾਈਆਂ, ਜਿਸ ਤੇ ਆਦਮ ਕਦ ਕਾਇਦੇ ਆਜ਼ਮ ਦੀ ਤਸਵੀਰ ਬਣੀ ਹੋਈ ਸੀ ਤੇ ਹੇਠਾਂ ਲਿਖਿਆ ਸੀ :

ਇਨ ਕੇ ਨਕਸ਼ੇ-ਕਦਮ ਪਰ ਚਲੀਏ।

## ਇਕ ਕਸਮ

ਇਕ ਸਜਣ ਇੰਡੀਅਨ ਹਾਈ ਕਮਿਸ਼ਨਰ ਦੇ ਦਫਤਰ ਦੀ ਲਾਇਬ੍ਰੇਰੀ ਵਿਚ ਉਚੀ ਉਚੀ ਅਖਬਾਰ ਪੜ੍ਹ ਰਹੇ ਸਨ। ਉਹਨਾਂ ਨੂੰ ਸ਼ਾਇਦ ਇਹ ਵੀ ਨਾ ਪਤਾ ਹੋਵੇ, ਕਿ ਕਿਸੇ ਦਫਤਰ ਵਿਚ ਬੈਠ ਕੇ ਉਚੀ ਉਚੀ ਪੜ੍ਹਨ ਦੀ ਆਦਤ ਬਹੁਤ ਬੁਰੀ ਹੈ। ਉਹ 'ਕੌਮੀ' ਅਖਬਾਰ ਲਖਨਊ ਦੀ ਇਹ ਖਬਰ ਪੜ੍ਹਨ ਵਿਚ ਮਗਨ ਸਨ :

**ਪਟਿਆਲਾ ੩੦ ਅਗਸਤ :** "ਪੰਜਾਬ ਐਕਸਾਈਜ਼ ਦੇ ਚਾਰ ਸੌ ਮੁਲਾਜ਼ਮਾਂ ਨੇ ਇਸ ਗਲ ਦੀ ਕਸਮ ਖਾਧੀ ਹੈ ਕਿ ਉਹ ਟੈਕਸ ਦੇਣ ਵਾਲਿਆਂ ਨਾਲ ਖੁਸ਼ ਇਖਲਾਕੀ ਨਾਲ ਪੇਸ਼ ਆਉਣਗੇ, ਤੇ ਵਢੀ ਨਹੀਂ ਲੈਣਗੇ।"

ਐਕਸਾਈਜ਼ ਦੀ ਪਹਿਲੀ ਕਾਨਫਰੰਸ ਦੇ ਉਦਘਾਟਨ ਸਮੇਂ ਵਜ਼ੀਰੇ-ਮਾਲ ਸਾਹਮਣੇ ਇਹ ਕਸਮ ਖਾਧੀ ਗਈ।

ਉਹ ਸਜਣ ਤਾਂ ਉਸ ਖਬਰ ਮਗਰੋਂ ਦੂਜੀ ਖਬਰ ਨੂੰ ਢੂੰਡਣ ਲਗੇ, ਪਰ ਨਾਲ ਦੀ ਕੁਰਸੀ ਤੇ ਬੈਠੇ ਇਕ ਸਜਣ ਮੈਨੂੰ ਕਹਿਣ ਲਗੇ, "ਜਾਣਦੇ ਹੋ, ਸਾਡੇ ਅਖਬਾਰਾਂ ਵਿਚ ਇਹ ਖਬਰ ਕਿਸ ਅਨੁਵਾਨ ਨਾਲ ਛਪੇਗੀ ?"

ਮੈਂ ਚੁਪ ਰਿਹਾ, ਇਸ ਲਈ ਕਿ ਲਾਇਬਰੇਰੀ ਵਿਚ ਬੈਠ ਕੇ ਗਲ ਕਰਨਾ ਮੈਂ ਤਹਿਜ਼ੀਬ ਵਿਰੁਧ ਸਮਝਦਾ ਹਾਂ। ਨਾਲੇ ਉਹ ਸਜਣ ਮੇਰੇ ਵਾਕਫ਼ ਵੀ ਨਹੀਂ, "ਮਾਨ ਨ ਮਾਨ ਮੈਂ ਤੇਰਾ ਮਹਿਮਾਨ।" ਮੈਂ ਉਸ ਦੀ ਗਲ ਸੁਣ ਚੁਪ ਹੀ ਰਿਹਾ, ਪਰ ਅਖਬਾਰ ਵਾਲੇ ਸਜਣ ਕਦੋਂ ਚੁਪ ਰਹਿਣ ਵਾਲੇ ਸਨ, ਉਹ ਬੋਲੇ, "ਅਰੇ ਤੋਬਾ ਕਰੋ ਜੀ, ਤੁਸੀਂ ਵੀ ਕਿਸ ਕਿਸਮ ਦੀਆਂ ਗੱਲਾਂ ਕਰਦੇ ਹੋ। ਅਜਿਹੀਆਂ ਖਬਰਾਂ ਪੜ੍ਹਨ ਨੂੰ ਅਖਾਂ ਤਰਸ ਗਈਆਂ, ਅਨੁਵਾਨ ਦਾ ਜ਼ਿਕਰ ਹੀ ਕੀ, ਇਥੇ ਤਾਂ ਇਨ੍ਹਾਂ ਖਬਰਾਂ ਦਾ ਫਕਤਦਾਨ ਹੈ।"

ਦੂਜੇ ਸਜਣ ਬੋਲੇ, "ਨਹੀਂ, ਅਜਿਹਾ ਤਾਂ ਨਹੀਂ, ਇਥੋਂ ਦੇ ਅਖਬਾਰਾਂ ਵਿਚ ਤੁਹਾਨੂੰ ਅਜਿਹੀਆਂ ਖਬਰਾਂ ਜ਼ਰੂਰ ਮਿਲਣਗੀਆਂ :

**ਲਾਹੌਰ ੨੪ ਅਗਸਤ :** ਪੰਜਾਬ ਦੇ ਐਕਸਾਈਜ਼ ਮਹਿਕਮੇ ਦੇ ੪੨੦ ਮੁਲਾਜ਼ਮਾਂ ਨੇ ਇਕ ਸਾਥ ਕਸਮ ਖਾਧੀ ਕਿ ਉਹ ਟੈਕਸ ਦੇਣ ਵਾਲਿਆਂ ਨਾਲ ਨਿਹਾਇਤ ਖੁਸ਼ ਇਖਲਾਕੀ ਮਾਲ ਪੇਸ਼ ਆਉਣਗੇ, ਬਸ਼ਰਤੇ ਕਿ ਉਹ ਉਹਨਾਂ ਦੀਆਂ ਜੇਬ੍ਹਾਂ ਨਾਲ ਵੀ ਖੁਸ਼ ਇਖਲਾਕੀ ਨਾਲ ਪੇਸ਼ ਆਉਣ। ਕਿਉਂਕਿ ਇਕ ਹਥ ਲੈਣਾ, ਤੇ ਇਕ ਹਥ ਦੇਣਾ। ਉਧਰ ਮਹਿਕਮਾ ਐਕਸਾਈਜ਼ ਦੀ ਪਹਿਲੀ ਕਾਨਫਰੰਸ ਦਾ ਉਦਘਾਟਨ ਕਰਦਿਆਂ ਹੋਇਆਂ ਵਜ਼ੀਰੇ-ਮਾਲ ਜਨਾਬ ਅਸਲਾਮੁਦੀਨ ਸਾਹਿਬ ਆਪਣੀ ਨੂਰਾਨੀ ਦਾੜ੍ਹੀ ਖੁਜਲਾਂਦੇ ਹੋਏ ਆਪਣੀ ਜੇਹਬ ਦੀ ਡੂੰਘਾਈ ਮਾਪ ਰਹੇ ਸਨ, ਸੋ ਉਹਨਾਂ ਦੇ ਮਹਿਕਮੇ ਨੇ ਉਹਨਾਂ ਦੀ ਸਰਪ੍ਰਸਤੀ ਹੇਠਾਂ ਆਪਣੇ ਤੇ ਉਹਨਾਂ ਦੇ ਦਿਲੀ ਜਜ਼ਬਾਤ ਨਾਲ ਹਲਫ ਉਠਾਇਆ, ਤੇ ਇਸ ਮਗਰੋਂ ਨਾਹਰੇ ਲਗਾਏ :

ਪਾਕਿਸਤਾਨ—ਜ਼ਿੰਦਾਬਾਦ। ਇਸਲਾਮ—ਜ਼ਿੰਦਾਬਾਦ
ਮੁਸਲਮਾਨ—ਜ਼ਿਦਾਬਾਦ
ਮਹਿਕਮਾ—ਐਕਸਾਈਜ਼—ਜ਼ਿੰਦਾਬਾਦ

[ਨਮਕਦਾਨ—ਕਰਾਂਚੀ ਤੋਂ ਧੰਨਵਾਦ ਸਹਿਤ]

---

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
**'ਵਤਨੋਂ ਦੂਰ'**
P. O. BOX 1041
Coquitlam, B. C. Canada

# ਭਾਗ ਸਿੰਘ ਕੈਨੇਡੀਅਨ

ਪਿਆਰਾ ਸਿੰਘ ਦਾਤਾ

ਭਿਖੀ ਵਿੰਡ ਜ਼ਿਲਾ ਲਾਹੌਰ ਦੇ ਸਫੇਦਪੋਸ਼ ਸ: ਨਰੈਣ ਸਿੰਘ ਦੇ ਘਰ ਭਾਗ ਸਿੰਘ ਦਾ ਜਨਮ ਹੋਇਆ। ਉਸਨੇ ੨੦ ਸਾਲ ਤੀਕ ਘਰ ਰਹਿ ਕੇ ਖੇਤੀ ਬਾੜੀ ਦਾ ਕੰਮ ਕੀਤਾ, ਫਿਰ ਪੰਜ ਸਾਲ ਰਸਾਲੇ ਦੀ ਨੌਕਰੀ ਕੀਤੀ, ਤੇ ਇਸ ਪਿਛੋਂ ਉਹ ਨੌਕਰੀ ਛਡ ਕੇ ਚੀਨ ਚਲਾ ਗਿਆ। ਸ਼ਿਘਾਈ ਵਿਚ ਉਸ ਨੇ ਪੁਲਸ ਦੀ ਨੌਕਰੀ ਕੀਤੀ, ਪਰ ਮੁਢ ਤੋਂ ਹੀ ਆਜ਼ਾਦ ਤਬੀਅਤ ਹੋਣ ਕਰਕੇ ਅਫ਼ਸਰ ਨਾਲ ਝਗੜਾ ਹੋ ਗਿਆ, ਤੇ ਉਹ ਨੌਕਰੀ ਛਡ ਕੈਨੇਡਾ ਚਲਾ ਗਿਆ।

ਕੈਨੇਡਾ ਵਿੱਚ ਬਲਵੰਤ ਸਿੰਘ 'ਸ਼ਹੀਦ' ਤੇ ਸੁੰਦਰ ਸਿੰਘ ਆਦਿ ਕੌਮੀ ਕਾਰਕੁਨਾਂ ਦੀ ਪ੍ਰੇਰਨਾ ਨਾਲ ਭਾਗ ਸਿੰਘ ਨੇ ਸ਼ਰਾਬ ਪੀਣੀ ਛਡ ਦਿਤੀ, ਤੇ ਕੌਮੀ ਸੇਵਾ ਦੇ ਮੈਦਾਨ ਵਿਚ ਕੁਦ ਪਿਆ।

ਇਹਨਾਂ ਦਿਨਾਂ ਵਿਚ ਬਹੁਤ ਸਾਰੇ ਹਿੰਦੀ ਤੇ ਜਾਪਾਨੀ ਕੰਮ-ਕਾਜ ਦੀ ਤਲਾਸ਼ ਵਿਚ ਕੈਨੇਡਾ ਪੁਜੇ ਹੋਏ ਸਨ। ਆਮ ਕਰ ਕੇ ਦੋਹਾਂ ਕੌਮਾਂ ਵਿਚ ਮੁਕਾਬਲਾ ਰਹਿੰਦਾ ਸੀ, ਤੇ ਹਕਮਤ ਸਦਾ ਜਾਪਾਨੀ ਮਜ਼ਦੂਰਾਂ ਦਾ ਸਾਥ ਦੇਂਦੀ ਸੀ, ਪਰ ਹਿੰਦੁਸਤਾਨੀ ਆਪਣੀ ਕਰੜੀ ਮਿਹਨਤ ਤੇ ਹਰ ਮੁਸੀਬਤ ਲਈ ਛਾਤੀ ਠੋਕ ਕੇ ਖੜੇ ਹੋ ਜਾਣ ਕਾਰਨ ਸਦਾ ਜਾਪਾਨੀਆਂ ਤੇ ਭਾਰੂ ਰਹਿੰਦੇ ਸਨ।

ਕੈਨੇਡਾ ਹਕੂਮਤ ਨੇ ਹਿੰਦੀਆਂ ਤੋਂ ਜਾਨ ਛੁਡਾਣ ਦਾ ਇਕ ਸਾਧਨ ਲਭਿਆ। ਉਹ ਇਹ ਕਿ ਹਿੰਦੀਆਂ ਨੂੰ ਹਾਡੂ ਰਾਸ ਦੇ ਟਾਪੂ ਵਿਚ ਭੇਜ ਦਿਤਾ ਜਾਵੇ। ਹਕੂਮਤ ਨੇ ਇਸ ਟਾਪੂ ਦੇ ਹਕ ਵਿਚ ਬੜਾ ਪ੍ਰਚਾਰ ਕੀਤਾ, ਪਰ ਅਸਲ ਵਿਚ ਉਹ ਬੜਾ ਬਦਨਾਮ ਟਾਪੂ ਸੀ। ਇਸ ਟਾਪੂ ਵਿਚ ਸੰਨ ੧੮੫੭ ਦੇ ਗ਼ਦਰ ਦੇ ਬਹੁਤ ਸਾਰੇ ਹਿੰਦੀ ਕੈਦੀ ਘਲੇ ਗਏ ਸਨ। ਇਥੇ ਪੈਦਾਵਾਰ ਦੀ ਇੰਨੀ ਕਮੀ ਸੀ, ਕਿ ਉਥੇ ਰਹਿਣ ਵਾਲੇ ਪ੍ਰਵਾਰਾਂ ਦੀਆਂ ਹਡੀਆਂ ਨਿਕਲ ਆਈਆਂ ਸਨ। ਉਹ ਲੋਕ ਆਪਣੇ ਦੇਸ ਵਾਪਸ ਮੁੜਨ ਲਈ ਤੜਪ ਰਹੇ ਸਨ, ਪਰ ਉਹਨਾਂ ਗ਼ਰੀਬਾਂ ਦੀ ਇਥੇ ਕੋਈ ਸੁਣਾਈ ਨਹੀਂ ਸੀ।

ਹਕੂਮਤ ਦੇ ਬਹੁਤ ਜ਼ੋਰ ਦੇਣ ਪੁਰ ਕੈਨੇਡਾ ਦੇ ਹਿੰਦੀਆਂ ਨੇ ਆਪਣੇ ਦੋ ਪ੍ਰਤੀਨਿਧ ਉਸ ਟਾਪੂ ਦੀ ਵੇਖ ਭਾਲ ਲਈ ਘਲੇ। ਉਹਨਾਂ ਦੋਹਾਂ ਨੂੰ ਹਕੂਮਤ ਨੇ ਖ਼੍ਰੀਦਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਬੁਰੀ ਤਰ੍ਹਾਂ ਨਾਕਾਮ ਰਹੀ। ਦੋਹਾਂ ਨੇ ਵਾਪਸ ਆ ਕੇ ਟਾਪੂ ਦੇ ਜਿਹੜੇ ਦਰਦਨਾਕ ਹਾਲਾਤ ਦਸੇ, ਉਹਨਾਂ ਨੂੰ ਸੁਣ ਕੇ ਕੋਈ ਵੀ ਹਿੰਦੀ ਉਥੇ ਜਾਣ ਨੂੰ ਤਿਆਰ ਨਾ ਹੋਇਆ।

ਅਖੀਰ ਨਿਰਾਸ ਹੋ ਕੇ ਹਕੂਮਤ ਨੇ ਜਬਰਨ ਜਹਾਜ਼ਾਂ ਰਾਹੀਂ ਹਿੰਦੀਆਂ ਨੂੰ ਹਾਡੂ ਰਾਸ ਘਲਣ ਦੀ ਧਮਕੀ ਦਿਤੀ, ਪਰ ਹਿੰਦੀਆਂ ਦੇ ਮੁਕਾਬਲੇ ਪੁਰ ਡਟ ਜਾਣ ਕਰ ਕੇ ਇਮੀਗਰੇਸ਼ਨ ਆਪਣੇ ਮੰਤਵ ਵਿਚ ਸਫਲ ਨਾ ਹੋ ਸਕਿਆ।

ਕੈਨੇਡਾ ਵਿਚ ਅਗੇ ਹੀ 'ਗੁਰੂ ਨਾਨਕ ਮਾਈਨਿੰਗ ਕੰਪਨੀ' ਰਾਹੀਂ ਹਿੰਦੁਸਤਾਨੀ ਵਪਾਰ ਕਰ ਰਹੇ ਸਨ, ਹੁਣ ਭਾਗ ਸਿੰਘ ਆਦਿ ਆਗੂਆਂ ਦੀ ਸਲਾਹ ਨਾਲ ਹਿੰਦੀਆਂ ਨੇ ਉਥੇ ਜ਼ਮੀਨਾਂ ਵੀ ਖਰੀਦ ਲਈਆਂ। ਇਸ ਤਰ੍ਹਾਂ ਜਿਉਂ ਜਿਉਂ ਹਕੂਮਤ ਹਿੰਦੀਆਂ ਨੂੰ ਉਥੋਂ ਕਢਣ ਦੇ ਯਤਨ ਕਰਦੀ, ਉਹ ਆਪਣੇ ਪੈਰ ਜਮਾਈ ਜਾਂਦੇ।

ਹਕੂਮਤ ਨੇ ਇਕ ਹੋਰ ਨਵੀਂ ਅੜਿੱਚਨ ਡਾਹੀ। ਉਸ ਨੇ ਕੈਨੇਡਾ ਵਿਚ ਆਉਣ ਵਾਲੇ ਹਿੰਦੀਆਂ ਦਾ ਦਾਖਲਾ ਬੰਦ ਕਰ ਦਿਤਾ, ਪਰ ਹਿੰਦੀ ਆਪਣੀ ਇਸ ਮੰਗ ਤੇ ਅੜੇ ਹੋਏ ਸਨ, ਕਿ ਜਿਹੜੇ ਹਿੰਦੀ ਆ ਚੁਕੇ ਹਨ, ਉਹ ਆਪਣੇ ਦੇਸ਼ ਨੂੰ ਆਜ਼ਾਦੀ ਨਾਲ ਆ ਜਾ ਸਕਣ, ਤੇ ਆਪਣੇ ਪ੍ਰਵਾਰ ਵੀ ਕੈਨੇਡਾ ਵਿਚ ਲਿਆ ਸਕਣ!

ਇਹਨੀਂ ਦਿਨੀਂ ੪੫ ਨਵੇਂ ਹਿੰਦੀ ਵੇਨਕੋਵਰ ਪਹੁੰਚੇ। ਹਕੂਮਤ ਨੇ ਦਾਖਲਾ ਬੰਦ ਕੀਤਾ ਹੋਇਆ ਸੀ। ਭਾਗ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਉਹਨਾਂ ਦੇ ਦਾਖ਼ਲੇ ਲਈ ਕਾਫੀ ਕੋਸ਼ਿਸ਼ ਕੀਤੀ, ਪਰ ਹਕੂਮਤ ਆਪਣੀ ਜ਼ਿੱਦ ਤੇ ਅੜੀ ਰਹੀ। ਅਖੀਰ ਉਨ੍ਹਾਂ ਇਹ ਕੇਸ ਅਦਾਲਤ ਸਾਹਮਣੇ ਲਿਆਂਦਾ, ਤੇ ਬਹੁਤ ਸਾਰਾ ਰੁਪਿਆ ਖਰਚ ਕੇ ਮੁਕੱਦਮਾ ਜਿਤ ਲਿਆ! ਨਵੇਂ ਆਏ ਹਿੰਦੀ ਦਾਖਲ ਹੋ ਗਏ, ਪਰ ਜਦ "ਕੋਮਾ ਗਾਟਾ ਮਾਰੂ ਜਹਾਜ਼" ਉਥੇ ਪੁਜਾ, ਤਾਂ ਅਗੇ ਇਸੇ ਕਿਸਮ ਦੇ ਫੈਸਲੇ ਦੀ ਮੌਜੂਦਗੀ ਦੇ ਬਾਵਜੂਦ ਇਮ੍ਰੀਗਰੇਸ਼ਨ ਮਹਿਕਮੇ ਵਾਲਿਆਂ ਜਹਾਜ਼ ਨੂੰ ਕੰਢੇ ਨਾ ਲਗਣ ਦਿਤਾ।

ਵੈਨਕੋਵਰ ਬੰਦਰਗਾਹ ਦੇ ਪ੍ਰਸਿਧ ਘਾਟਾਂ 'ਚੋਂ ਕੋਈ ਵੀ ਜਹਾਜ਼-ਘਾਟ, ਇਸ ਜਹਾਜ਼ ਨੂੰ ਕੰਢੇ ਲਾਣ ਲਈ ਨਾ ਮਿਲ ਸਕਿਆ। ਅਖੀਰ ਬਲਵੰਤ ਸਿੰਘ ਤੇ ਭਾਗ ਸਿੰਘ ਆਦਿ ਕੌਮੀ ਆਗੂ ਇਕ ਦੂਰ ਦੇ ਘਾਟ ਨੂੰ ਕਿਰਾਏ ਤੇ ਲੈਣ ਵਿਚ ਸਫਲ ਹੋ ਗਏ।

ਹਕੂਮਤ ਨੇ ਇਥੇ ਵੀ ਜਹਾਜ਼ ਨੂੰ ਕੰਢੇ ਲਗਣ ਦੀ ਆਗਿਆ ਨਾਂ ਦਿਤੀ। ਜਹਾਜ ਕਿੰਨੇ ਦਿਨ ਪਾਣੀ ਵਿਚ ਹੀ ਖੜੋਤਾ ਰਿਹਾ। ਉਸ ਵਿਚ ਕੋਇਲਾ ਭਰਿਆ ਪਿਆ ਸੀ, ਪਰ ਉਹ ਵੀ ਕੰਢੇ ਨਾ ਉਤਰਨ ਦਿਤਾ ਗਿਆ।

ਕੌਮਾ ਗਾਟਾ ਮਾਰੂ ਜਹਾਜ਼ ਬਾਬਾ ਗੁਰਦਿਤ ਸਿੰਘ ਆਦਿ ਸਜਣਾਂ ਨੇ ਕਿਸ਼ਤਾਂ ਪੁਰ ਕਿਰਾਏ ਤੇ ਲਿਆ ਸੀ, ਤੇ ਉਸ ਵਿਚ ਚਾਰ-ਕੁ ਸੌ ਹਿੰਦੀਆਂ ਨੂੰ ਚੜ੍ਹਾ ਕੇ ਵੈਨਕੋਵਰ ਲਿਆਂਦਾ ਗਿਆ। ਇਹ ਇਸ ਲਈ ਕਿ ਹਕੂਮਤ ਕਿਸੇ ਹਿੰਦੀ ਨੂੰ ਆਪਣੇ ਜਹਾਜ਼ ਤੇ ਚੜ੍ਹਨ ਦੀ ਇਜਾਜ਼ਤ ਨਹੀਂ ਸੀ ਦੇਂਦੀ। ਹਕੂਮਤ ਦੇ ਉਕਸਾਉਣ ਤੇ ਜਹਾਜ਼ ਦੇ ਮਾਲਕ ਨੇ ਇਕ ਦਮ ਸਾਰੀਆਂ ਕਿਸ਼ਤਾਂ ਦਾ ਰੁਪਿਆ ਤਾਰਨ ਲਈ ਕਿਹਾ।

ਇਹ ਖਬਰ ਜਦ ਕੈਨੇਡਾ ਨਿਵਾਸੀਆਂ ਨੂੰ ਪੁਜੀ, ਤਾਂ ਉਹਨਾਂ ਰੁਪਏ ਕਠੇ ਕਰ ਕੇ ਮਾਲਕ ਨੂੰ ਸਾਰੀ ਰਕਮ ਅਦਾ ਕਰ ਦਿਤੀ। ਇਸ ਤਰ੍ਹਾਂ ਜਹਾਜ਼ ਦਾ ਚਾਰਟਰ ਸ੍ਰ: ਭਾਗ ਸਿੰਘ ਤੇ ਮਿ: ਰਹੀਮ ਦੇ ਨਾਂ ਕਰ ਦਿਤਾ ਗਿਆ।

ਇਹ ਬਲਾ ਟਲੀ, ਤਾਂ ਹਕੂਮਤ ਨੇ ਚੁਪ-ਚੁਪੀਤੇ ਇਕ ਅਗਨ ਬੋਟ ਰਾਹੀਂ ਗਰਮ ਗਰਮ ਪਾਣੀ ਕੋਮਾ ਗਾਟਾ ਮਾਰੂ ਦੇ ਜਹਾਜ਼ੀ ਮੁਸਾਫਰਾਂ ਪੁਰ ਸੁਟਿਆ, ਤੇ ਦੂਜੇ ਪਾਸੇ ਇਕ ਜੰਗੀ ਜਹਾਜ਼ ਲਿਆ ਖੜਾ ਕੀਤਾ। ਵੈਨਕੋਵਰ ਦੇ ਹਿੰਦੁਸਤਾਨੀ, ਰੋਜ਼ਾਨਾ ਦੂਰੋਂ ਖੜੋਤਿਆਂ ਆਪਣੇ ਹਮਵਤਨ ਭਰਾਵਾਂ ਦੀ ਮੁਸੀਬਤ ਵੇਖਦੇ, ਪਰ ਕੁਝ ਕਰ ਨਾ ਕਰਦੇ। ਹਕੂਮਤ ਉਹਨਾਂ ਨੂੰ ਵਾਪਸ ਭੇਜਣ ਤੇ ਤੁਲੀ ਹੋਈ ਸੀ।

ਭਾਗ ਸਿੰਘ, ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਆਦਿ ਸਾਥੀ ਕੋਲੰਬੀਆ ਦੇ ਦਖਣੀ ਹਿਸੇ ਦੇ ਹਿੰਦੀਆਂ ਨਾਲ ਉਪਰੋਕਤ ਜਹਾਜ਼ ਬਾਰੇ ਗਲ ਬਾਤ ਕਰਨ ਗਏ, ਤਾਂ ਉਹ ਅਮ੍ਰੀਕਾ ਤੇ ਕੈਨੇਡਾ ਦੀ ਸਰਹਦ ਪਾਸੋਂ ਜਾਂ ਲੰਘੇ। ਸਰਹਦੀ ਪੁਲੀਸ ਨੇ ਇਹਨਾਂ ਨੂੰ ਫੜ ਲਿਆ, ਤੇ ਇਲਜ਼ਾਮ ਲਗਾਇਆ, ਕਿ ਇਹ ਅਮ੍ਰੀਕਾ ਤੋਂ ਬਿਨਾਂ ਆਗਿਆ ਚੋਰੀ ਕੈਨੇਡਾ ਦਾਖਲ ਹੋਏ ਹਨ। ਬੜੀ ਮੁਸ਼ਕਲ ਨਾਲ ਬਾਬੂ ਹਰਨਾਮ ਸਿੰਘ ਤੋਂ ਬਿਨਾਂ ਬਾਕੀਆਂ ਦੀ ਰਿਹਾਈ ਹੋਈ। ਉਧਰ ਹਕੂਮਤ ਆਪਣੇ ਫੈਸਲੇ ਤੋਂ ਬਾਜ਼ ਨਾ ਆਈ, ਸਗੋਂ ਉਸ ਨੇ ਜਹਾਜ਼ ਦੇ ਪ੍ਰਬੰਧਕਾਂ ਨੂੰ ਵਾਰਨਿੰਗ ਦਿਤੀ ਕਿ ਜੇ ਉਹਨਾਂ ਜਹਾਜ਼ ਵਾਪਸ ਨੂੰ ਨਾ ਪਰਤਾਇਆ, ਤਾਂ ਉਹ ਜਹਾਜ਼ ਦੇ ਮੁਸਾਫਰਾਂ ਤੇ ਗੋਲੀ ਚਲਾ ਦੇਣਗੇ।

ਕੈਨੇਡਾ ਵਿਚ ਰਹਿ ਰਹੇ ਹਿੰਦੁਸਤਾਨੀ ਹਕੂਮਤ ਦੇ ਇਸ ਰਵੱਈਏ ਤੋਂ ਅਗੇ ਹੀ ਬੜੇ ਦੁਖੀ ਸਨ। ਉਹਨਾਂ ਜਦੋਂ ਗੋਲੀ ਦਾ ਡਰਾਵਾ ਸੁਣਿਆ, ਤਾਂ ਫੌਰਨ ਫੈਸਲਾ ਕਰ ਲਿਆ, ਕਿ ਗੋਲੀ ਚਲਣ ਦੀ ਦੇਰੀ ਹੈ, ਉਹ ਸਾਰੇ ਵੈਨਕੋਵਰ ਸ਼ਹਿਰ ਨੂੰ ਅੱਗ ਲਾ ਦੇਣਗੇ। ਆਪਣੇ ਇਸ ਫੈਸਲੇ ਦੀ ਖਬਰ ਵੈਨਕੋਵਰ ਦੇ ਹਿੰਦੀਆਂ ਨੇ ਜਹਾਜ਼ੀ ਮੁਸਾਫਰਾਂ ਨੂੰ ਵੀ ਘਲ ਦਿਤੀ, ਤੇ ਇਸ਼ਾਰੇ ਵੀ ਮੁਕੱਰਰ ਹੋ ਗਏ—ਕਿ ਗੋਲੀ ਚਲਦਿਆਂ ਸਾਰ ਜਹਾਜ਼ ਤੋਂ ਇਸ਼ਾਰਾ ਕੀਤਾ ਜਾਵੇ, ਜਿਸ ਨੂੰ ਵੈਨਕੋਵਰ ਦੀ ਬੰਦਰਗਾਹ ਦੇ ਨੇੜੇ ਹੀ ਇਕ ਉੱਚੇ ਟਿਲੇ ਤੇ ਖੜੋਤਾ ਆਦਮੀ ਵੇਖ ਕੇ ਵੈਨਕੋਵਰ ਸ਼ਹਿਰ ਵਿਚ ਵਖੋ ਵਖ ਮਹੱਲਿਆਂ ਵਿਚ ਪੁਜ਼ੀਸ਼ਨਾਂ ਸੰਭਾਲੀ ਖੜੋਤਿਆਂ ਨੂੰ ਖਬਰਦਾਰ ਕਰ ਦੇਵੇ, ਤੇ ਬਸ ਉਸੇ ਘੜੀ ਸਾਰੇ ਸ਼ਹਿਰ ਨੂੰ ਅਗ ਲਾ ਦਿਤੀ ਜਾਵੇ।

ਜਦੋਂ ਇਸ ਭਿਆਨਕ ਫੈਸਲੇ ਅਰ ਕੈਨੇਡਾ ਦੇ ਹਿੰਦੀਆਂ ਦੇ ਦ੍ਰਿੜ ਇਰਾਦੇ ਪੁਰ ਜਹਾਜ਼ ਦੇ ਪ੍ਰਬੰਧਕਾਂ ਨੇ ਵਿਚਾਰ ਕੀਤਾ, ਤਾਂ ਉਹਨਾਂ ਜਹਾਜ਼ ਵਾਪਸ ਲੈ ਜਾਣ ਦਾ ਫੈਸਲਾ ਕਰ ਲਿਆ, ਕਿਉਂਕਿ ਜੇ ਇਸੇ ਤਰ੍ਹਾਂ ਉਹ ਡਟੇ ਰਹਿੰਦੇ, ਤਾਂ ਜਿਥੇ ਜਹਾਜ਼ ਦੇ ਸਾਰੇ ਮੁਸਾਫਰ ਮਾਰੇ ਜਾਣੇ ਸਨ, ਉਥੇ ਵੈਨਕੋਵਰ ਦਾ ਖੂਬਸੂਰਤ ਸ਼ਹਿਰ ਕੁਝ ਘੰਟਿਆਂ ਵਿਚ ਹੀ ਭਸਮ ਦੀ ਢੇਰੀ ਹੋ ਜਾਣਾ ਸੀ, ਤੇ ਉਸ ਵਿਚ ਰਹਿ ਰਹੇ ਹਜ਼ਾਰਾਂ ਸ਼ਹਿਰੀ, ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸੀ, ਕਈ ਹਜ਼ਾਰ ਹਿੰਦੀਆਂ ਸਮੇਤ ਹੀ ਅੱਗ ਦੀ ਲਪੇਟ ਵਿਚ ਆ ਜਾਣੇ ਸਨ।

ਕੈਨੇਡਾ ਵਿਚ ਰਹਿ ਰਹੇ ਹਿੰਦੁਸਤਾਨੀਆਂ ਦੇ ਇਸ ਗੁਪਤ ਫੈਸਲੇ ਦੀ ਖਬਰ ਜਦ ਹਕੂਮਤ ਨੂੰ ਪੁਜੀ ਤਾਂ ਉਸ ਨੇ ਗੋਲੀ ਚਲਾਣ ਤੋਂ ਹਥ ਰੋਕ ਲਿਆ। ਤੇ ਅਖੀਰ ਨਿਰਾਸ ਹੋ ਉਸ ਜਹਾਜ਼ ਨੂੰ ਵਾਪਸ ਆਉਣਾ ਪਿਆ। ਇਸ ਜਹਾਜ਼ ਨਾਲ ਗੋਰੀ ਹਕੂਮਤ ਨੇ ਜੋ ਸਲੂਕ ਕੀਤਾ, ਉਸ ਨਾਲ ਸਾਰੇ ਪ੍ਰਦੇਸਾਂ ਵਿਚ ਰਹਿਣ ਵਾਲੇ ਹਿੰਦੀਆਂ ਨੂੰ ਬੜਾ ਰੰਜ ਹੋਇਆ। ਸਰਕਾਰ ਦੀ ਇਸ ਕਰਤੂਤ ਕਾਰਨ ਉਹਨਾਂ ਨੂੰ ਯਕੀਨ ਹੋ ਗਿਆ, ਕਿ ਗੁਲਾਮ ਲੋਕਾਂ ਨੂੰ ਦੇਸ ਤੇ ਪ੍ਰਦੇਸ ਵਿਚ ਦੋਹੀਂ ਥਾਂਈ ਬੜੀ ਬੇਇਜ਼ਤੀ ਨਾਲ ਜੀਵਣ ਬਿਤਾਣਾ ਪੈਂਦਾ ਹੈ। ਉਹੀ ਜਹਾਜ਼, ਜਦ ਵਾਪਸ ਬਜ ਬਜ ਪੁਜਾ ਤਾਂ ਉਸ ਦੇ ਮੁਸਾਫਰਾਂ ਪੁਰ ਪੁਲੀਸ ਵਲੋਂ ਗੋਲੀ ਚਲਾਈ ਗਈ। ਬਹੁਤ ਸਾਰੇ ਮੁਸਾਫਰ ਮਾਰੇ ਗਏ, ਬਾਕੀਆਂ ਨੂੰ ਅੰਗਰੇਜ਼ੀ ਹਕੂਮਤ ਨੇ ਹਿੰਦੀ ਜਿਹਲਾਂ ਵਿਚ ਸੁਟ ਦਿਤਾ।

ਪ੍ਰਦੇਸਾਂ ਵਿਚ ਰਹਿਣ ਵਾਲੇ ਹਿੰਦੀਆਂ ਨੇ ਫੈਸਲਾ ਕੀਤਾ, ਕਿ ਉਹਨਾਂ ਨੂੰ ਇਸ ਨਾਜ਼ਕ ਸਮੇਂ ਵਾਪਸ ਹਿੰਦੁਸਤਾਨ ਪਹੁੰਚਣਾ ਚਾਹੀਦਾ ਹੈ, ਤੇ ਦੇਸ ਵਾਸੀਆਂ ਨੂੰ ਉਭਾਰ ਕੇ ਹਕੂਮਤ ਵਿਰੁਧ ਇਨਕਲਾਬ ਪੈਦਾ ਕਰਨਾ ਚਾਹੀਦਾ ਹੈ। ਇਸ ਫੈਸਲੇ ਅਨੁਸਾਰ ਬਹੁਤ ਸਾਰੇ ਹਿੰਦੀ ਵਾਪਸ ਆਪਣੇ ਮੁਲਕ ਆਉਣ ਦੀਆਂ ਤਿਆਰੀਆਂ ਕਰਨ ਲਗੇ।

ਅਸੀਂ ਉਪਰ ਦਸ ਆਏ ਹਾਂ, ਕਿ ਭਾਗ ਸਿੰਘ, ਅਮ੍ਰੀਕਾ, ਕੈਨੇਡਾ ਤੇ ਵੈਨਕੋਵਰ ਆਦਿ ਦੇਸ਼ਾਂ ਵਿਚ ਚਲ ਰਹੀ ਜਾਗ੍ਰਿਤ ਲਹਿਰ ਦੇ ਮੋਢੀਆਂ ਵਿਚੋਂ ਸੀ। ਵੈਨਕੋਵਰ ਵਿਚ ਕੌਮਾਗਾਟਾ ਮਾਰੂ ਜਹਾਜ਼ ਨਾਲ ਜੋ ਸਲੂਕ ਹਕੂਮਤ ਨੇ ਕੀਤਾ, ਉਸ ਦਾ ਭਾਂਡਾ, ਭਾਗ ਸਿੰਘ ਨੇ ਚੁਰਾਹੇ ਵਿਚ ਫੋੜਿਆ, ਤੇ ਆਮ ਲੋਕਾਂ ਤੀਕ ਅਸਲੀ ਸਮਾਚਾਰ ਪੁਚਾ ਕੇ ਹਕੂਮਤ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਗਿਰਾਣ ਦੀ ਪੂਰੀ ਪੂਰੀ ਕੋਸ਼ਿਸ ਕੀਤੀ। ਅਖੀਰ ਹਕੂਮਤ ਨੇ ਤੰਗ ਆ ਕੇ ਭਾਗ ਸਿੰਘ ਨੂੰ ਕਤਲ ਕਰਨ ਲਈ ਇਕ ਗਦਾਰ ਨੂੰ ਤਿਆਰ ਕੀਤੀ।

ਭਾਗ ਸਿੰਘ, ਵਤਨ ਆਉਣ ਤੋਂ ਕੁਝ ਦਿਨ ਪਹਿਲਾਂ ਇਕ ਦਿਨ ਗੁਰਦਵਾਰੇ ਬੈਠਾ ਹੋਇਆ ਸੀ। ਉਸ ਦਿਨ ਸੰਗਤ ਥੋੜੀ ਹੀ ਸੀ। ਜਦ ਅਰਦਾਸ ਪਿਛੋਂ ਭਾਗ ਸਿੰਘ ਮੱਥਾ ਟੇਕਣ ਲਗਾ, ਤਾਂ ਉਸ ਦੇ ਪਿਛੇ ਬੈਠੇ ਹਕੂਮਤ ਦੇ ਖਰੀਦੇ ਹੋਏ ਵਤਨ ਫਰੋਸ਼ ਨੇ ਉਸ ਪੁਰ ਗੋਲੀ ਚਲਾ ਦਿਤੀ। ਪਾਸ ਬੈਠੇ ਭਾ: ਬਚਨ ਸਿੰਘ ਨੇ ਕਾਤਲ ਨੂੰ ਫੜ ਲਿਆ, ਪਰ ਉਸ ਨੇ ਉਸ ਪੁਰ ਵੀ ਗੋਲੀਆਂ ਚਲਾਈਆਂ, ਤੇ ਕਈਆਂ ਨੂੰ ਜ਼ਖਮੀ ਕਰ ਕੇ ਉਹ ਨਠ ਗਿਆ।

ਪੁਲੀਸ ਨੇ ਕਾਤਲ ਨੂੰ ਫੜ ਲਿਆ। ਉਹ ਇਮੀਗਰੇਸ਼ਨ ਮਹਿਕਮੇ ਵਿਚ ਮੁਲਾਜ਼ਮ ਸੀ। ਉਸ ਆਪਣੇ ਬਿਆਨ ਵਿਚ ਮੰਨਿਆ ਕਿ ਮੈਨੂੰ ਪਿਸਤੌਲ ਇਮੀਗਰੇਸ਼ਨ

ਦੇ ਅਫਸਰਾਂ ਦਿਤਾ ਹੈ, ਪਰ ਮੁਕੱਦਮਾ ਤਾਂ ਨਿਰਾ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਣ ਲਈ ਹੀ ਸੀ। ਅਸਲ ਮੰਤਵ ਤਾਂ ਹਕੂਮਤ ਦੇ ਵੈਰੀ ਭਾਗ ਸਿੰਘ ਨੂੰ ਖਤਮ ਕਰਨਾ ਸੀ, ਸੋ ਉਸ ਮੰਤਵ ਵਿਚ ਹਕੂਮਤ ਕਾਮਯਾਬ ਹੋ ਗਈ ਸੀ। ਕਾਤਲ ਦਾ ਆਪਣਾ ਬਿਆਨ ਹੀ ਕਤਲ ਦਾ ਵਡਾ ਸਬੂਤ ਸੀ, ਤੇ ਫਿਰ ਗੁਰਦਵਾਰੇ ਵਿਚ ਬੈਠੇ ਕਈ ਸਿਖਾਂ, ਸਾਹਮਣੇ ਉਸ ਨੇ ਦੋ ਕਤਲ ਕੀਤੇ ਸਨ, ਪਰ ਫਿਰ ਵੀ ਇਨਸਾਫ ਦੀ ਪੁਤਲੀ ਹਕੂਮਤ ਨੇ ਉਸਨੂੰ ਸਾਫ ਬਰੀ ਕਰ ਦਿਤਾ।

ਭਾ: ਭਾਗ ਸਿੰਘ, ਪ੍ਰਦੇਸੀ ਹਿੰਦੀਆਂ ਵਿਚ ਬੜਾ ਹਰਦਿਲ ਅਜ਼ੀਜ਼, ਬੜਾ ਦਲੇਰ ਤੇ ਨਿਡਰ ਨੇਤਾ ਸੀ। ਇਕ ਵਾਰ ਭਾਗ ਸਿੰਘ ਆਪਣੇ ਇਕ ਕਮਜ਼ੋਰ ਜਿਹੇ ਸਾਥੀ ਨਾਲ ਇਕ-ਦਫਤਰ ਵਿਚ ਗਿਆ। ਭਾਗ ਸਿੰਘ ਉਪਰਲੀ ਛਤ 'ਚੋਂ ਬਾਰੀ ਰਾਹੀਂ ਬਾਹਰ ਵੇਖ ਰਿਹਾ ਸੀ, ਕਿ ਉਸ ਨੂੰ ਆਪਣੇ ਸਾਥੀ ਤੇ ਗੋਰਿਆਂ ਦੀ ਉਚੀ ਉਚੀ ਆਵਾਜ਼ ਕੰਨੀ ਪਈ। ਉਸਨੇ ਸਾਥੀ ਨੂੰ ਪੁਛਿਆ ਕਿ ਕੀ ਗਲ ਹੈ ? ਸਾਥੀ ਨੇ ਅਗੋਂ ਦਸਿਆ ਕਿ ਗੋਰੇ ਸਾਨੂੰ ਦੋਹਾਂ ਨੂੰ ਇਕੱਲਿਆਂ ਵੇਖ ਕੇ ਮਾਰ ਕੁਟ ਦੀ ਧਮਕੀ ਦੇਂਦੇ ਹਨ।

ਭਾਗ ਸਿੰਘ ਦੌੜ ਕੇ ਗੋਰਿਆਂ ਪਾਸ ਪੁਜਾ, ਤੇ ਉਹਨਾਂ ਨੂੰ ਹੱਸ ਕੇ ਕਹਿਣ ਲੱਗਾ, "ਬੇਵਕੂਫੋ ! ਹੋਸ਼ ਕਰੋ। ਤੁਹਾਨੂੰ ਆਪਣੀ ਗਿਣਤੀ ਦਾ ਮਾਣ ਹੈ, ਪਰ ਮੈਂ ਇਕੱਲਾ ਹੀ ਤੁਸਾਂ ਸਾਰਿਆਂ ਨੂੰ ਸਾਹਮਣੀ ਬਾਰੀ 'ਚੋਂ ਬਾਹਰ ਸੁਟ ਸਕਦਾ ਹਾਂ।" ਗੋਰਿਆਂ ਭਾਗ ਸਿੰਘ ਦੀ ਡੀਲ ਡੋਲ ਵੇਖੀ ਤਾਂ ਝਟ ਹਰਨ ਹੋ ਗਏ।

ਉਸ ਬਹਾਦਰ ਨੂੰ ਇਹ ਅਫਸੋਸ ਸੀ, ਕਿ ਉਸਤੇ ਛੁਪ ਕੇ ਵਾਰ ਕੀਤਾ ਗਿਆ ਹੈ, ਵਰਨਾ ਉਹ ਕਈਆਂ ਨੂੰ ਪਾਰ ਬੁਲਾ ਕੇ ਆਪ ਸ਼ਹੀਦ ਹੁੰਦਾ। ਉਸਦੀ ਮੌਤ ਨਾਲ ਪ੍ਰਦੇਸੀ ਹਿੰਦੀਆਂ ਨੂੰ ਇਕ ਨਾ ਪੂਰਾ ਹੋਣ ਵਾਲਾ ਕੌਮੀ ਘਾਟਾ ਪਿਆ।

●

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
'ਵਤਨੋਂ ਦੂਰ'
P. O. BOX 1041
Coquitlam, B. C. Canada

FOR
LIFE INSURANCE
EDUCATION PLAN
MORTGAGE PLAN
Retirement registered Saving Plan
and all other kinds of insurance
Contact
DALJIT SANDHU
Office 685-7231
Residence 278-0491

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ :-
ਦਲਜੀਤ ਸੰਧੂ
National Life of Canada
Suite 501, 1155—West Pender Street
Vancouver, B.C. Phone: 685-7231

# ਤੀਸਰਾ ਵਿਸ਼ਵ ਹਾਕੀ ਕੱਪ ਤੇ ਭਾਰਤ ਦੀ ਸ਼ਾਨਦਾਰ ਜਿੱਤ

ਕ੍ਰਿਸ਼ਨ ਕੁਮਾਰ ਰੱਤੂ

{ਐਮਸਟਰਡਮ (1928), ਲਾਸ ਏਂਜਲਸ (1932), ਬਰਲਿਨ (1936), ਲੰਡਨ (1948), ਹੈਲਸਿੰਕੀ (1952) ਤੇ ਮੈਲਬੌਰਨ (1956) ਵਿੱਚ ਭਾਰਤ ਲਗਾਤਾਰ ਉਲੰਪਿਕ-ਹਾਕੀ ਦਾ ਜੇਤੂ ਰਿਹਾ।

ਭਾਰਤੀ ਹਾਕੀ ਦਾ ਪਤਨ 1958 ਦੀਆਂ ਟੋਕੀਓ ਏਸ਼ਿਆਈ ਖੇਡਾਂ ਤੋਂ ਸ਼ੁਰੂ ਹੋਇਆ ਜਦੋਂ ਫ਼ਾਈਨਲ ਵਿੱਚ ਭਾਰਤ ਤੇ ਪਾਕਿਸਤਾਨ ਬਰਾਬਰ ਰਹੇ। ਉਸਤੋਂ ਬਾਦ ਏਸ਼ਿਆਈ ਹਾਕੀ ਚੈਂਪੀਅਨਸ਼ਿੱਪ ਭਾਰਤ ਨੇ ਕੇਵਲ ਇੱਕ ਵਾਰ ਬੈਂਕਾਕ (1966) ਵਿੱਚ ਜਿੱਤੀ ਜਦ ਕਿ ਜਕਾਰਤਾ (1962), ਬੈਂਕਾਕ (1970) ਅਤੇ ਤਹਿਰਾਨ (1974) ਵਿੱਚ ਪਾਕਿਸਤਾਨ ਜੇਤੂ ਰਿਹਾ

1956 ਤੋਂ ਬਾਅਦ ਉਲੰਪਿਕ ਹਾਕੀ ਵੀ ਭਾਰਤ ਨੇ ਕੇਵਲ ਇਕ ਵਾਰ ਟੋਕੀਓ (1964) ਵਿੱਚ ਜਿੱਤੀ ਹੈ। ਉਲੰਪਿਕ ਹਾਕੀ ਰੋਮ (1960) ਤੇ ਮੈਕਸੀਕੋ (1968) ਵਿੱਚ ਪਾਕਿਸਤਾਨ ਨੇ ਮਿਊਨਿਖ (1972) ਵਿੱਚ ਵੈੱਸਟ ਜਰਮਨੀ ਨੇ ਜਿੱਤੀ। ਮੈਕਸੀਕੋ ਦੀਆਂ ਉਲੰਪਿਕ ਖੇਡਾਂ ਵਿੱਚ ਭਾਰਤ ਸੈਮੀ-ਫ਼ਾਈਨਲ ਵਿੱਚ ਆਸਟ੍ਰੇਲੀਆ ਨੂੰ ਹਾਰ ਗਿਆ ਸੀ।

ਵਿਸ਼ਵ ਹਾਕੀ ਕੱਪ ਬਾਰਸੀਲੋਨਾ (1971) ਦੇ ਸੈਮੀ-ਫ਼ਾਈਨਲ 'ਚ ਪਾਕਿਸਤਾਨ ਨੇ ਭਾਰਤ ਨੂੰ ਅਤੇ ਐਮਸਟਰਡੈਮ (1973) ਦੇ ਸੈਮੀ-ਫ਼ਾਈਨਲ ਵਿੱਚ ਭਾਰਤ ਨੇ ਪਾਕਿਸਤਾਨ ਨੂੰ ਹਰਾਇਆ ਸੀ।

ਸਾਡੇ ਹਾਕੀ-ਚੌਧਰੀਆਂ ਦੀ ਹੈਂਕੜ-ਭਰੀ ਤੇ ਸੁਆਰਥੀ ਨੀਤੀ ਕਾਰਨ ਹੋਈਆਂ ਇੰਨੀਆਂ ਦੁਖਦਾਈ ਹਾਰਾਂ ਦੇ ਇਤਿਹਾਸ ਵਿੱਚ, ਭਾਰਤ ਦੀ ਤੀਜੇ ਵਿਸ਼ਵ ਹਾਕੀ ਕੱਪ ਵਿੱਚ ਹੋਈ ਜਿੱਤ, ਨਵੀਨ ਆਸ ਦਾ ਸੁਨੇਹਾ ਲੈ ਕੇ ਆਈ ਹੈ। ਜੇ ਖਿਡਾਰੀ-ਚੋਣ ਵਿੱਚ ਫ਼ਿਰਕੂ ਤੇ ਸੁਆਰਥੀ ਭਾਵਨਾਵਾਂ ਤੋਂ ਨਿਰਲੇਪ ਰਹਿ ਕੇ ਅਤੇ ਖਿਡਾਰੀਆਂ ਨੂੰ ਹੱਕੀ ਸਤਿਕਾਰ ਦੇ ਕੇ ਵਿਸ਼ੇਸ਼-ਭਾਰਤੀ ਹਾਕੀ ਸਟਾਈਲ ਲਈ ਪਰਬੀਨ ਕੀਤਾ ਗਿਆ ਤਾਂ ਨਿਰਸੰਦੇਹ 1976 ਦੀਆਂ ਮੌਂਟਰੀਅਲ (ਕੈਨੇਡਾ) ਉਲੰਪਿਕ ਖੇਡਾਂ ਵਿੱਚ ਜਿੱਤ ਦੀ ਆਸ ਰੱਖੀ ਜਾ ਸਕਦੀ ਹੈ।— ਸੁਰਿੰਦਰ ਪੰਜਲ}



ਮੈਲਬੋਰਨ(1956) ਉਲੰਪਿਕ
ਹਾਕੀ ਟੀਮ ਦੇ ਕਪਤਾਨ ਅਤੇ
ਵਿਸ਼ਵ ਹਾਕੀ ਕੱਪ ਜੇਤੂ ਟੀਮ
ਦੇ ਮੈਨੇਜਰ ਬਲਬੀਰ ਸਿੰਘ



ਦੁਨੀਆਂ ਦੇ ਸਰਵੋਤਮ ਸੈਂਟਰ-ਹਾਫ਼
ਅਤੇ ਵਿਸ਼ਵ ਹਾਕੀ ਕੱਪ ਜੇਤੂ ਟੀਮ
ਦੇ ਕਪਤਾਨ ਅਜੀਤਪਾਲ ਸਿੰਘ



ਪਾਕਿਸਤਾਨ ਨਾਲ ਫਾਈਨਲ ਮੈਚ
ਦੇ 51 ਵੇਂ ਮਿੰਟ ਵਿੱਚ ਦੂਜਾ ਤੇ ਜੇਤੂ
ਗੋਲ ਕਰਨ ਵਾਲਾ ਅਸ਼ੋਕ ਕੁਮਾਰ



ਪਾਕਿਸਤਾਨ ਨਾਲ ਫਾਈਨਲ ਮੈਚ
ਦੇ 44 ਵੇਂ ਮਿੰਟ ਵਿੱਚ ਪਹਿਲਾ ਗੋਲ
ਕਰਨ ਵਾਲਾ ਸੁਰਜੀਤ ਸਿੰਘ

ਸੈਮੀ-ਫ਼ਾਈਨਲ ਵਿੱਚ ਮਲੇਸ਼ੀਆ
ਤੇ ਜਿੱਤ ਦਾ ਜ਼ਿੰਮੇਵਾਰ
ਅਸਲਮ ਸ਼ੇਰ ਖ਼ਾਨ (ਫੁੱਲ ਬੈਕ)



ਭਾਰਤ ਦਾ ਹੋਣਹਾਰ ਤੇ ਫੁਰਤੀਲਾ
ਰਾਈਟ ਆਊਟ
ਵੀ. ਜੇ. ਫਿਲਿਪਸ



ਭਾਰਤ ਦਾ ਹੋਣਹਾਰ ਤੇ ਫੁਰਤੀਲਾ
ਲੈਫਟ ਆਊਟ
ਹਰਚਰਨ ਸਿੰਘ



ਭਾਰਤ ਦਾ ਸੁਘੜ
ਗੋਲਕੀਪਰ
ਅਸ਼ੋਕ ਦੀਵਾਨ



15 ਮਾਰਚ 1975 ਦੀ ਉਹ ਸ਼ਾਮ ਸਭ ਭਾਰਤੀਆਂ ਲਈ ਯਾਦਗਾਰੀ ਬਣ ਗਈ ਜਦੋਂ ਭਾਰਤੀ ਹਾਕੀ ਟੀਮ ਨੇ ਤੀਸਰੇ ਵਿਸ਼ਵ ਕੱਪ ਟੂਰਨਾਮੈਂਟ ਵਿਚ ਦੁਨੀਆਂ ਦੀ ਬੇਹਤਰੀਨ ਟੀਮ ਪਾਕਿਸਤਾਨ ਨੂੰ 2-1 ਨਾਲ ਹਰਾਕੇ ਸੋਨੇ ਦਾ ਕੱਪ ਜਿੱਤ ਲਿਆ। ਇਹ ਉਹ ਛਿਣ ਸਨ, ਜਿਹਨਾਂ ਵਿਚ ਸਭ ਭਾਰਤੀਆਂ ਦੇ ਸੀਨੇ ਦੀ ਛਤੀ ਮਚਲ ਰਹੀ ਸੀ, ਮੁਦਤਾਂ ਬਾਅਦ ਭਾਰਤ ਨੇ ਕੋਈ ਹਾਕੀ ਪ੍ਰਤੀਯੋਗਤਾ ਜਿਤਕੇ ਇਕ ਵਾਰ ਫਿਰ ਇਹ ਦਸ ਦਿਤਾ ਕਿ ਭਾਰਤੀ ਕਿਸਮ ਦੀ ਰਵਾਇਤੀ ਹਾਕੀ ਦੀ ਸ਼ਾਖ ਅਜੇ ਜੀਊਂਦੀ ਹੈ। ਜੋ ਸਾਫ ਸੁਥਰਾ ਹਾਕੀ ਪ੍ਰਦਰਸ਼ਨ ਭਾਰਤੀ ਖਿਡਾਰੀਆਂ ਨੇ ਇਸ ਤੀਸਰੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ 'ਚ ਵਿਖਾਇਆ, ਉਹ ਸ਼ਾਇਦ ਹੀ ਕਦੀ ਕਿਸੇ ਦੂਸਰੀ ਟੀਮ ਦੇ ਹਿਸੇ ਆਇਆ ਹੋਵੇ।

ਆਪਣੀ ਹਾਕੀ ਤੇ ਸਰਦਾਰੀ ਨੂੰ ਬਰਕਰਾਰ ਤੇ ਜੀਊਂਦਿਆਂ ਕੀਤਾ ਹੈ। ਮਰਡੇਕਾ ਸਟੇਡੀਅਮ ਵਿਚ ਜਿਥੇ ਭਾਰਤੀ ਤੇ ਪਾਕਿਸਤਾਨੀ ਖਿਡਾਰੀ ਤਹਿਰਾਨ ਵਿਚ ਹੋਈਆਂ ਖੇਡਾਂ ਬਾਅਦ ਮਿਲੇ- ਇਹ ਉਹਨਾਂ ਦਾ ਪਹਿਲਾ ਤੇ ਇਸ ਪ੍ਰਤੀਯੋਗਤਾ ਦਾ ਨਿਰਨਾਇਕ ਮੈਚ ਸੀ, ਜਿਸਨੂੰ ਵੇਖਣ ਵਾਸਤੇ 45,000 ਦਰਸ਼ਕਾਂ ਦੀ ਭੀੜ ਨੇ ਵਾਤਾਵਰਨ ਗਰਮ ਕੀਤਾ ਹੋਇਆ ਸੀ। ਇਸ ਨੂੰ ਵੇਖਣ ਵਾਲਿਆਂ ਵਿਚ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਵੀ ਮੌਜੂਦ ਸਨ।

1966 ਤੋਂ ਬਾਅਦ ਕਿਸੇ ਅੰਤਰ-ਰਾਸ਼ਟਰੀ ਪ੍ਰਤੀਯੋਗਤਾ ਵਿਚ ਇਹ ਭਾਰਤ ਦੀ ਇਹ ਪਹਿਲੀ ਜਿੱਤ ਹੈ, ਜਿਸ ਸਦਕਾ ਉਹ ਇਕ ਵਾਰ ਫਿਰ ਵਿਸ਼ਵ ਹਾਕੀ ਚੈਂਪੀਅਨ ਬਣ ਗਿਆ ਹੈ।

ਇਸ ਵਾਰ ਫਾਈਨਲ ਮੈਚ ਵਿਚ ਬਹੁਤ ਹੀ ਸਾਫ਼ ਸੁਥਰੀ

1956 ਤੋਂ ਲੈ ਕੇ ਅੱਜ ਤਕ ਭਾਰਤ ਨੇ ਪਾਕਿਸਤਾਨ ਤੇ ਪੰਜ ਵਾਰ ਜਿਤ ਪ੍ਰਾਪਤ ਕੀਤੀ ਹੈ। ਛੇ ਵਾਰ ਪਾਕਿਸਤਾਨ ਜਿਤਿਆ ਹੈ ਜਦ ਕਿ ਇਕ ਵਾਰ ਇਹ ਮੈਚ ਬਰਾਬਰ ਰਿਹਾ।

ਕੁਝ ਵੀ ਹੋਵੇ-ਇਸ ਨੂੰ ਇਕ ਚਮਤਕਾਰ ਕਹਿਣਾ ਹੋਵੇਗਾ, ਕਿ ਭਾਰਤ ਇਸ ਵਾਰੀ ਫਾਈਨਲ ਵਿਚ ਜਿਤ ਗਿਆ ਹੈ। ਭਾਰਤੀ ਟੀਮ ਤੋਂ ਅਜਿਹੀ ਆਸ ਰੱਖਿਆ ਹੀ ਬੱਝਦੀ ਸੀ, ਪਰ ਪਾਕਿਸਤਾਨ ਦੇ ਮੁਕਾਬਲੇ ਵਿਚ ਸਾਡੀ ਟੀਮ ਜ਼ਿਆਦਾ ਵਧੀਆ ਨਹੀਂ ਸੀ। ਇਥੇ ਇਹ ਵੀ ਵਰਨਣਯੋਗ ਹੈ ਜੇ ਭਾਰਤੀ ਟੀਮ ਵਿਚੋਂ ਸਾਬਕਾ ਕਪਤਾਨ ਐਮ.ਪੀ. ਗਨੇਸ਼ ਦੀ ਅਣਹੋਂਦ ਸੀ ਤਾਂ ਪਾਕਿਸਤਾਨੀ ਟੀਮ ਵਿਚੋਂ ਦੁਨੀਆਂ ਦੇ ਮਸ਼ਹੂਰ ਖਿਡਾਰੀ ਸਹਿਨਾਜ਼ ਵੀ ਗਾਇਬ ਸਨ। ਤੇ ਸਮੀਉਲਾਹ ਵੀ

"ਅਸੀਂ ਪਿਛਲੇ ਕੁਝ ਵਰ੍ਹੇ ਹਾਕੀ ਦੀ ਆਪਣੀ ਵਿਸ਼ੇਸ਼ ਕਲਾ-ਪੂਰਨ ਸੈਲੀ ਛੱਡਕੇ ਯੂਰਪੀ ਢੰਗ ਦੀ ਹਾਕੀ ਖੇਡਣ ਦੀ ਕੋਸ਼ਿਸ਼ ਕਰਦੇ ਰਹੇ ਸਾਂ। ਇਸ ਵਾਰ ਸਿਖਲਾਈ ਕੈਂਪ ਵਿੱਚ ਸ਼ੁਰੂ ਤੋਂ ਹੀ ਅਸੀਂ ਆਪਣੀ ਵਿਸ਼ੇਸ਼ ਸੈਲੀ ਪੂਰੀ ਤਰ੍ਹਾਂ ਅਪਣਾਈ ਤੇ ਇਸ ਸਦਕਾ ਹੀ ਅਸੀਂ ਜਿੱਤੇ ਹਾਂ।"

— ਬਲਬੀਰ ਸਿੰਘ

"ਭਾਰਤ ਨੇ ਵਿਸ਼ਵ ਹਾਕੀ ਕੱਪ ਬਹੁਤ ਸਾਰੇ ਸਾਲਾਂ ਮਗਰੋਂ ਪਹਿਲੀ ਵਾਰ ਪੂਰੀ ਤਰ੍ਹਾਂ ਹਿੰਦੁਸਤਾਨੀ ਸਟਾਈਲ ਵਿੱਚ ਹਾਕੀ ਖੇਡ ਕੇ ਜਿੱਤਿਆ ਹੈ।"

— ਅਜੀਤਪਾਲ ਸਿੰਘ

ਉਲੰਪਿਕ ਤੋਂ ਬਾਅਦ ਹਾਕੀ ਦਾ ਇਹ ਵੱਡਾ ਮੈਚ ਹੈ, ਜਿਸਨੂੰ ਭਾਰਤ ਨੇ ਪਹਿਲੀ ਵਾਰ ਜਿਤਿਆ। ਇਸ ਮੈਚ ਨੂੰ ਪਹਿਲੀ ਵਾਰ ਹੀ ਏਸ਼ੀਆਂ ਦੀ ਧਰਤੀ ਤੇ ਆਯੋਜਿਤ ਕੀਤਾ ਗਿਆ। 1971 ਵਿਚ ਪਹਿਲੀ ਵਿਸ਼ਵ ਹਾਕੀ ਪ੍ਰਤੀਯੋਗਤਾ ਬਾਰਸਲੋਨਾ (ਸਪੇਨ) ਵਿਚ ਹੋਈ ਸੀ। ਇਥੇ ਭਾਰਤ ਤੇ ਪਾਕਿਸਤਾਨ ਸੈਮੀ ਫ਼ਾਈਨਲ ਵਿਚ ਮਿਲੇ ਤੇ ਭਾਰਤ 2-1 ਨਾਲ ਹਾਰ ਗਿਆ। ਸੋਨੇ ਦਾ ਕੱਪ ਅੰਤ ਵਿਚ ਪਾਕਿਸਤਾਨ ਜਿਤ ਗਿਆ। ਦੂਸਰੀ ਪ੍ਰਤੀਯੋਗਤਾ 1973 ਵਿਚ ਐਮਸਟਰਡਮ (ਹਾਲੈਂਡ) ਵਿਚ ਹੋਈ। ਇਸ ਵਿਚ ਭਾਰਤੀ ਟੀਮ ਦੀ ਖੇਡ ਦਾ ਮਿਆਰ ਬਹੁਤ ਵਧੀਆ ਰਿਹਾ ਪਰ ਅੰਤ ਵਿਚ ਫ਼ਾਈਨਲ ਮੈਚ ਜੋ ਹਾਲੈਂਡ ਨਾਲ ਹੋਇਆ-ਭਾਰਤ ਪੈਨਲਟੀਸਟਰੋਕਾਂ ਨਾਲ ਹਾਰ ਗਿਆ। ਇੰਜ ਇਹ ਇਕ ਜਿਤਿਆ ਹੋਇਆ ਮੈਚ ਹਾਰਿਆ—ਤੇ ਸੋਨੇ ਦਾ ਕੱਪ ਹਾਲੈਂਡ ਮੇਜ਼ਬਾਨ ਦੇਸ਼ ਲੈ ਗਿਆ। ਇਸ ਵਾਰ ਤੀਸਰਾ ਵਿਸ਼ਵ ਹਾਕੀ ਕੱਪ ਮੁਕਾਬਲਾ ਕੁਆਲਾਲੰਪੁਰ (ਮਲੇਸ਼ੀਆ) ਵਿਚ ਹੋਇਆ—ਭਾਰਤ ਨੇ ਪਹਿਲੀ ਵਾਰ ਇਹ [illegible]

ਤੇ ਵਧੀਆ ਹਾਕੀ ਖੇਡੀ ਗਈ। ਭਾਰਤੀ ਖਿਡਾਰੀ ਸਾਰਾ ਸਮਾਂ ਪਾਕਿਸਤਾਨ ਟੀਮ ਤੇ ਹਾਵੀ ਰਹੇ।

ਇਹ ਮੰਨਣਾ ਪਵੇਗਾ ਕਿ ਭਾਵੇਂ ਕਈਆਂ ਢੰਗਾਂ ਨਾਲ ਇਸ ਵਾਰੀ ਭਾਰਤੀ ਟੀਮ ਨੂੰ ਸੁਦ੍ਰਿੜ ਬਣਾਇਆ ਗਿਆ ਸੀ ਪਰ ਇਰਾਦੇ ਤੇ ਗੋਲ ਕਰਨ ਦੇ ਨਿਸ਼ਾਨੇ ਬਰਾਬਰ ਡਾਵਾਂਡੋਲ ਰਹੇ। ਇਹ ਪੱਖ ਵੀ ਭਾਰਤੀ ਜਿਤ ਲਈ ਸਹਾਈ ਹੋਇਆ ਕਿ ਉਸਨੇ ਤਕਰੀਬਨ ਸਾਰੇ ਮੈਚ (ਘਾਣਾ) ਨੂੰ ਛਡਕੇ ਕਰੜੀ ਮਿਹਨਤ ਨਾਲ ਜਿਤਣੇ ਪਏ। ਅਤੇ ਇਕ ਮੈਚ ਵਿਚ ਤਾਂ ਉਹ ਅਰਜਨਟਾਇਨਾ ਤੋਂ 2-1 ਤੇ ਹਾਰ ਵੀ ਗਿਆ!

ਪਾਕਿਸਤਾਨ ਜਿਸਨੇ ਪੱਛਮੀ ਜਰਮਨੀ ਨੂੰ 5-1 ਨਾਲ ਰੋਲ ਦਿਤਾ ਸੀ। ਜਾਪਦਾ ਸੀ—ਸੰਸਾਰ ਹਾਕੀ ਕੱਪ ਉਸਨੂੰ ਜਾਵੇਗਾ। ਪਰ ਇਹ ਮੈਚ ਜੋ ਦੋਵਾਂ ਟੀਮਾਂ ਲਈ ਆਪਣੇ ਆਪਣੇ ਮੁਲਕਾਂ ਲਈ ਵਕਾਰੀ ਸੀ। ਪਾਕਿਸਤਾਨੀ ਟੀਮ ਨੇ ਉਹ ਖੇਡ ਨਹੀਂ ਵਿਖਾਈ, ਜੋ ਉਹਨੇ ਆਪਣੇ ਵਿਰੁਧ ਹੋਰ ਮੈਚਾਂ ਵਿਚ ਵਿਖਾਈ; ਇਹ ਵੀ ਯਾਦ ਰਹੇ ਕਿ ਵਿਸ਼ਵ ਕੱਪ ਟੂਰਨਾਮੈਂਟ 'ਚ ਪਹਿਲੀ ਵਾਰ ਪਾਕਿਸਤਾਨ ਤੇ ਭਾਰਤ ਫਾਈਨਲ ਵਿਚ ਮਿਲੇ।

ਜ਼ਖਮੀ ਹੋ ਜਾਣ ਕਾਰਣ ਖੇਡ ਤੋਂ ਬਾਹਰ ਰਿਹਾ।

ਵੇਖਣਾ ਇਹ ਹੈ ਕਿ ਕੀ ਭਾਰਤ ਆਪਣੀ ਮੁੱਦਤਾਂ ਤੋਂ ਖੋਈ ਹੋਈ ਸਰਦਾਰੀ ਨੂੰ ਦੋਬਾਰਾ ਪ੍ਰਾਪਤ ਕਰਕੇ ਉਸਨੂੰ ਆਉਣ ਵਾਲੇ ਸਾਲਾਂ ਵਿਚ ਬਰਕਰਾਰ ਰਖਦਾ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਇਸ ਪਾਸੇ ਵਿਸ਼ੇਸ਼ ਧਿਆਨ ਜਾਵੇਗਾ।

ਟੂਰਨਾਮੈਂਟ ਵਿਚ ਭਾਗ ਲੈਣ ਵਾਲੀਆਂ ਟੀਮਾਂ ਕ੍ਰਮਵਾਰ ਇੰਜ ਰਹੀਆਂ (ਸੋਨੇ ਦਾ ਕੱਪ) 1. ਭਾਰਤ, ਚਾਂਦੀ ਦਾ ਕੱਪ, 2. ਪਾਕਿਸਤਾਨ, 3. ਕਾਂਸੀ ਦਾ ਕੱਪ (ਪਛਮੀ ਜਰਮਨੀ), 4. ਮਲੇਸ਼ੀਆ, 5. ਆਸਟਰੇਲੀਆ, 6. ਇੰਗਲੈਂਡ, 7. ਨਿਊਜ਼ੀਲੈਂਡ 8. ਸਪੇਨ, 9. ਹਾਲੈਂਡ, 10. ਪੋਲੈਂਡ, 11. ਅਰਜਨਟਾਇਨਾ 12, ਘਾਨਾ।

ਚੌਥੀ ਵਿਸ਼ਵ ਹਾਕੀ ਕੱਪ ਪ੍ਰਤੀਯੋਗਤਾ ਜੋ ਕਿ ਅਰਜਨਟਾਇਨਾ ਵਿਚ ਹੋਣੀ ਹੈ। ਵੇਖਣਾ ਹੈ ਕਿ ਭਾਰਤ ਆਪਣੀ ਮੁਦਤਾਂ ਬਾਦ ਮਿਲੀ ਸੰਸਾਰ ਚੈਂਪੀਅਨਸ਼ਿਪ ਬਰਕਰਾਰ ਰਖਦਾ ਹੈ?



Canada
Permanent
Trust

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ :

## ਸਾਹਿਬ ਬਰਾੜ

ਨੂੰ ਫ਼ੋਨ ਕਰੋ ਜੋ ਪਿਛਲੇ ਦੋ ਸਾਲਾਂ
ਤੋਂ (PORT ALBERNI),
VANCOUVER ISLAND ਤੇ
ਕਾਮਯਾਬ SALESMAN ਰਹੇ ਹਨ।

BUS. 939-6411
RES. 524-5276

Real Estate Division
1071-C Austin Road
Coquitlam, B.C. V3K 3P2

## CENTURY TRAVEL SERVICE



204—3310 FRASER STREET
VANCOUVER, B.C., CANADA V5V 4C1

OFF: 874-9429
RES: 681-3668

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

GURSHARAN SANDHU

## ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ
OFF: 874-9429 RES: 681-3668

## B. R. CONTRACTORS

for

ELECTRICAL WIRING
IN

NEW HOUSES (RESIDENTIAL, COMMERCIAL & DOMESTIC)
INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



580—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: 879-2867

Mobile phone: JR2-8484 (via operator)

THERE'S LIFE AT MARS

## MARS REALTY LTD.

5467 VICTORIA DR., VANCOUVER, B.C.



BUS. 327-8315

RES. 433-3334

For all kinds of real estate services, contact

DARSHAN BRAR, M.A.

Member Medallion Club of Real Estate Board of Greater Vancouver.

Mortgages — Aprraisals — Rentals — Sales

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 8:00 p.m.
Every Thursday 6:00 p.m. to 8 00 p.m.
Every Friday 6:00 p.m. to 8:00 p.m.
Every Saturday 10 a.m. to 12 noon – 6 p.m. to 8 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

# Top Priority

Anything more important than your family's future?
Put first things first with common sense life insurance.
Call me today.



**Ajit Sidhu**
Sales Representative
**President's Council**

ਅਜੀਤ ਸਿੱਧੂ

550 6th Street
New Westminster, B.C.
Office: 524-3601
Residence: 584-4516

**AJIT SIDHU**

is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.

Mr. Sidhu lives with his wife and family in Surrey, and is associated with the Company's District Sales Office at 550 – 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.

Dedication to his many policyholders marks him as a true professional, and we at Metropolitan take great pride in Ajit Sidhu.

Vice-President

**METROPOLITAN LIFE**



## BAINS INTERNATIONAL TRAVEL SERVICE LTD.

(MEMBER IATA)

**6364 FRASER STREET**
**VANCOUVER 15, B.C.**
**TEL: 324-2277**

**1710 DOUGLAS STREET**
**VICTORIA, B.C.**
**TEL: 386-6363**

GROUP DEPARTURE TO INDIA EVERY SATURDAY

**ENQUIRE FOR OTHER SPECIAL FARES: AFFINITY GROUP, EXCURSIONS, CHARTERS**
**LONDON, HONG KONG, SINGAPORE, FIJI OR ANY OTHER PART OF THE WORLD.**
**Being IATA member we can issue your ticket while you wait on any air line.**

***Remember . . . One call does it all ! ! !***

## ਬੈਂਸ ਇੰਟਰਨੈਸ਼ਨਲ ਟਰੈਵਲ ਸਰਵਿਸ

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਦੇ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਉ। ਕਿਉਂਕਿ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ।

LITERARY & CULTURAL MONTHLY OF PANJABI
THE WATNO DŪR
POST BOX No. 1041, COQUITLAM, B.C., CANADA

ਵਤਨੋਂ ਦੂਰ ( ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ-ਸੱਭਿਆਚਾਰਕ ਮਾਸਕ-ਪੱਤਰ)
JUNE 1975 S.NO. 24
SECOND CLASS MAIL
REGISTRATION NUMBER: 3233


# BIG SAVINGS

## COME AND SAVE

## AT

# GILL'S FURNITURE & APPLIANCES

**4678 MAIN STREET. VANCOUVER**

**OPENING SALE - SPECIAL REDUCTION ON EVERYTHING**

872-8478



435-4504

**HAKIM S. GILL**